Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
Financing Available
Tariq Hameed
Babir Hameed
Shamshair Tariq
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Guru Nanak Driving School Ltd.
Guru Nanak DRIVING SCHOOL
CERTIFIED SGI
• 6 & 6 Class 5 Training
• Pre Test Driving Evaluation
• Pre Test Driving Lessons
• Rental Vehicle for Road Test.
FREE PICK UP & DROP OFF
ਕਲਾਸ 5 ਲਈ ਡਰਾਈਵਿੰਗ ਤਜ਼ਰਬੇਕਾਰ ਟ੍ਰੇਨਰਾਂ ਤੋਂ ਸਿੱਖੋ
www.gndsregina.ca
306 201 8458
Location: Regina & Moose Jaw

Vol: 10 No: 229 Website : www.punjabiakhbaar.ca Email: editor@punjabiakhbaar.ca Friday, 6 October 2023

## ਭਾਰਤ ਨੇ ਕੈਨੇਡਾ ਨੂੰ ਆਪਣੇ 41 ਡਿਪਲੋਮੈਟਸ ਵਾਪਿਸ ਸੱਦਣ ਲਈ ਆਖਿਆ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਨੇ ਕੈਨੇਡਾ ਨੂੰ 10 ਅਕਤੂਬਰ ਤੱਕ ਆਪਣੇ 41 ਡਿਪਲੋਮੈਟਸ ਨੂੰ ਵਾਪਿਸ ਸੱਦਣ ਲਈ ਆਖ ਦਿੱਤਾ ਹੈ। ਫਾਇਨੈਂਸੀਅਲ ਟਾਇਮਜ਼ ਦੀ ਖਬਰ ਹੈ ਕਿ ਭਾਰਤ ਨੇ ਕਨੇਡਾ ਨੂੰ ਡਿਪਲੋਮੈਟਿਕ ਸਟਾਫ ਘਟਾਉਣ ਲਈ ਕਹਿ ਦਿੱਤਾ ਹੈ ।ਵਰਨਣਯੋਗ ਹੈ ਕਿ ਬੀਤੇ ਜੂਨ ਮਹੀਨੇ ਵਿੱਚ ਸਿੱਖ ਵੱਖਵਾਦੀ ਆਗੂ ਤੇ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ, ਜਿਸ ਨੂੰ ਭਾਰਤ ਨੇ ਦਹਿਸਤਗਰਦ ਦਾ ਦਰਜਾ ਦਿੱਤਾ ਹੋਇਆ ਸੀ, ਦੇ ਕਤਲ ਵਿੱਚ ਕੈਨੇਡਾ ਵੱਲੋਂ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਹੋਣ ਦਾ ਸ਼ੱਕ ਪ੍ਰਗਟਾਏ ਜਾਣ ਤੋਂ ਬਾਅਦ ਤੋਂ ਹੀ ਦੋਵਾਂ ਦੇਸ਼ਾਂ ਦਰਮਿਆਨ ਰਿਸ਼ਤੇ ਵਿਗੜਨੇ ਸ਼ੁਰੂ ਹੋ ਗਏ ਸਨ। ਭਾਰਤ ਵੱਲੋਂ ਇਨ੍ਹਾਂ ਦੋਸ਼ਾਂ ਨੂੰ ਬੇਤੁਕਾ ਦੱਸ ਕੇ ਇਨ੍ਹਾਂ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਦੋਵੇਂ ਮੁਲਕ ਇੱਕ ਇੱਕ ਅਧਿਕਾਰੀ ਨੂੰ ਉਹਨਾਂ ਦੇ ਮੁਲਕ ਵਾਪਿਸ ਭੇਜ ਚੁੱਕੇ ਹਨ।

ਭਾਰਤ ਨੇ 10 ਅਕਤੂਬਰ 2023 ਤੋਂ ਬਾਅਦ ਵੀ ਉੱਥੇ ਰਹਿ ਜਾਣ ਵਾਲੇ ਡਿਪਲੋਮੈਟਸ ਦੀ ਡਿਪਲੋਮੈਟਿਕ ਇਮਿਊਨਿਟੀ ਨੂੰ ਖਾਰਜ ਕਰਨ ਦੀ ਧਮਕੀ ਦਿੱਤੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਦੇ ਭਾਰਤ ਵਿੱਚ 62 ਡਿਪਲੋਮੈਟਸ ਹਨ ਤੇ ਭਾਰਤ ਨੇ ਆਖਿਆ ਹੈ ਕਿ ਇਨ੍ਹਾਂ ਵਿੱਚੋਂ ਕੈਨੇਡਾ 41 ਨੂੰ ਵਾਪਿਸ ਸੱਦ ਲਵੇ। ਜੇਕਰ ਇਹਨਾਂ 41 ਡਿਪਲੋਮੈਟਸ ਦੀ ਡਿਪਲੋਮੈਟਿਕ ਇਮਿਊਨਿਟੀ ਖਾਰਜ ਹੋ ਜਾਂਦੀ ਤਾਂ ਉਹਨਾਂ ਦੀ ਸੁਰੱਖਿਆ ਦੀ ਗਾਰੰਟੀ ਅਤੇ ਫੋਨ ਕਾਲਾਂ ਦੀ ਪਰਾਈਵੇਸੀ ਦੀ ਗਾਰੰਟੀ ਵੀ ਖਤਮ ਹੋ ਜਾਂਦੀ ਹੈ।

## ਕੈਲਗਰੀ ਵਾਸੀ ਰਿਹਾਇਸ਼ ਅਤੇ ਭੋਜਨ ਖਰੀਦਣ ਲਈ ਸੰਘਰਸ਼ ਕਰ ਰਹੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਫਾਊਂਡੇਸ਼ਨ ਨੇ ਆਪਣੀ 17ਵੀਂ ਸਲਾਨਾ ਕੁਆਲਿਟੀ ਆਫ ਲਾਈਫ ਰਿਪੋਰਟ ਰਾਹੀਂ ਕੈਲਗਰੀ ਦੀ ਮੌਜੂਦਾ ਹਾਲਤ ਦਾ ਵਰਨਣ ਕੀਤਾ ਹੈ। ਇਸ ਰਿਪੋਰਟ ਵਿੱਚ ਹਰ ਉਮਰਵਰਗ ਪਿਛੋਕੜ ਅਤੇ ਆਂਢ-ਗੁਆਂਢ ਦੇ ਤਕਰੀਬਨ 1,000 ਕੈਲਗਰੀ ਵਾਸੀਆਂ ਨਾਲ ਗੱਲਬਾਤ ਉਪਰੰਤ ਵਿਚਾਰ ਸਾਮਿਲ ਹਨ। 25 ਪ੍ਰਤਿਸ਼ਤ ਕੈਲਗਰੀ ਵਾਸੀਆਂ ਦਾ ਕਹਿਣਾ ਹੈ ਕਿ ਉਹ ਘਰ, ਭੋਜਨ ਵਰਗੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਹਨ। ਜਦੋਂ ਰਿਹਾਇਸ਼ ਦੀ ਗੱਲ ਆਉਂਦੀ ਹੈ, ਸਰਵੇਖਣ ਵਿੱਚ ਪਾਇਆ ਗਿਆ ਕਿ 40 ਪ੍ਰਤੀਸ਼ਤ ਲੋਕ ਘਰ ਖਰੀਦਣ ਦੀ ਸਮਰੱਥਾ ਹੀ ਨਹੀਂ ਰੱਖਦੇ। 36 ਪ੍ਰਤੀਸ਼ਤ ਕੈਲਗਰੀ ਵਾਸੀ ਕਿਰਾਇਆ ਬਰਦਾਸ਼ਤ ਕਰਨ ਲਈ ਸੰਘਰਸ਼ ਕਰ ਰਹੇ ਹਨ।

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

BUTZ & COMPANY
BARRISTERS & SOLICITORS
GURSANT SINGH
LL.M. (UK), B.A.LL.B.
●Immigration Law ●Family Law ●Real Estate
●Corporate Law ●Wills & Estates
2510 13th Avenue, Regina SK S4P 0W2
(306) 359-5448 (Business)
(306) 580-4690 (Cell)
gursant@butzlaw.ca www.butzlaw.ca

NEWAY DRIVING SCHOOL
"A Neway to your Future"
REGINA| SASKATOON| MOOSE JAW
CLASS 1A, 3A & AIRBRAKE
10+ Years Truck Training Experience
IN SERVICE SINCE 2014
MELT TRAINING
E-mail: newaydrivingschool47@gmail.com
Call: 306-209-9449

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorship · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

JBK LAW OFFICE
IMMIGRATION & LEGAL EXPERT TEAM
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
2-31 Broadway St. E.
Yorkton, SK S3N 0K4
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law
(Appeals & Judicial Reviews)
Inadmissibility, SINP Secondary
Reviews, CBSA Detention Reviews,
Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2010-11th Avenue, 7th Floor,
RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES
DIVERSIFIED REALTY

WE'RE IN THE PEOPLE BUSINESS,
WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
VINE Group
MORTGAGE ALLIANCE
200 1965 Broad Street, Regina, SK S4P 1Y1

C WORLD T·R·A·V·E·L
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call:
Rajan Sagar
NORTHGATE MALL, REGINA
Email: cworldtravel1@gmail.com
ਇੰਡੀਆਂ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
Ph: (306) 949-1235
To see the world come to C WORLD
IATA

GURU
Truck Driving School
IA, 3A TRAINING (SGI APPROVED)
Gagandeep Singh
(Truck Instructor)
IA, 3A, (Air Brake) training.
SGI Approved
(According to new MELT Program)
Classes available in
English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲਾ ਯਾਰਡ
• ਪਰੋਪਰ ਟਰੇਨਿੰਗ ਘੰਟੇ
(ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ
ਜੌਬ ਦਿਵਾਉਣ ਵਿੱਚ
ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER
LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੇ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454
DOMINION LENDING CENTRES
MORTGAGEFIRM.CA

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver
for Canada,
Prairies and
Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY,
SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

SANSERWAL LAW OFFICE
LEGAL SERVICES & IMMIGRATION SOLUTIONS
• REFUGEE
• BUSINESS VISA & START UP VISA+ENTREPRENEUR
• JUDIAL REVIEW (FEDERAL COURT) AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PNP + FEDREL APPLICATION
• FAMILY SPONSORHIP
ਕਾਨੂੰਨੀ ਸੇਵਾਵਾਂ ਅਤੇ ਇਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸੰਪਰਕ ਕਰੋ
HARJINDER SINGH SANSERWAL
B.A. LLB., L.L.M. (LAWYER)
BARRISTER & SOLICITOR
1530, ANGUS STREET, REGINA, SASKATCHEWAN (CANADA) S4T 1Z1
639-999-8552 hss.law17@gmail.com

GRACE IMMIGRATION (CANADA)
IMMIGRATION SOLUTIONS LTD.
• SINP-PROGRAMS
• FOREIGN WORKER RECRUITMENT (LMIA)
• PR APPLICATIONS (FEDERAL & PNP)
• FAMILY SPONSORSHIP
• CITIZENSHIP APPLICATION
• STUDY PERMIT + PGWP
• VISITOR + SUPER VISA
CANADA IMMIGRATION SERVICES
• EXTENSION OF STAY / CHANGE STATUS AND MORE...
BUSINESS/INVESTOR CATEGORY
SUKHBIR KAUR SIDHU (RCIC)
B.A. LL.B., LL.M
ਇਮੀਗ੍ਰੇਸ਼ਨ ਸਬੰਧੀ ਸਾਰੀਆਂ ਲੋੜਾਂ ਦੀ ਪੂਰਤੀ ਲਈ ਯਾਦ ਰੱਖੋ
CANADA OFFICE: #2010, 11th Avenue, 7th Floor RBC Building, REGINA, SK
639-999-8545 graceimmiservice@gmail.com




## ਸਿੰਗਲ ਫੈਮਿਲੀ ਹੋਮ
## ਲੀਗਲ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਦੇ ਨਾਲ-ਨਾਲ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1 ਜਾਂ 2 ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!


Kitchen


Bathroom


Legal basement suite


Modern Double Front Garage Homes

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# ਹੈਲਥੀ ਲਾਈਫ ਸਟਾਈਲ ਨੌਲੇਜ ਫਾਊਂਡੇਸ਼ਨ ਕੈਲਗਰੀ ਵੱਲੋਂ ਦਵਾਈਆਂ ਤੋਂ ਛੁਟਕਾਰਾ ਪਾਉਣ ਸਬੰਧੀ ਕਿਤਾਬ ਰਿਲੀਜ ਕੀਤੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਪਿਛਲੇ ਕਾਫੀ ਸਾਲਾਂ ਤੋਂ ਸਥਾਪਿਤ ਸੰਸਥਾ ਹੈਲਥੀ ਲਾਈਫ ਸਟਾਈਲ ਨੌਲੇਜ ਫਾਊਂਡੇਸ਼ਨ ਵੱਲੋਂ ਬੀਤੇ ਦਿਨੀ ਆਪਣੇ ਸਾਲਾਨਾ ਸਮਾਗਮ ਦੌਰਾਨ ਡਾਕਟਰ ਸੁਖਵਿੰਦਰ ਸਿੰਘ ਬਰਾੜ ਵੱਲੋਂ ਆਪਣੀਆਂ ਖੋਜਾਂ ਅਤੇ ਤਜ਼ਰਬਿਆਂ ਉੱਪਰ ਅਧਾਰਿਤ ਸਟੇਇੰਗ ਹੈਲਥੀ ਵਿਦਾਊਟ ਮੈਡੀਸਨ ਨਾਂ ਦੀ ਇੱਕ ਕਿਤਾਬ ਰਿਲੀਜ਼ ਕੀਤੀ ਗਈ । ਇਹ ਕਿਤਾਬ ਹਾਲੇ ਭਾਵੇਂ ਅੰਗਰੇਜੀ ਵਿੱਚ ਹੀ ਛਪੀ ਹੈ ਪਰ ਛੇਤੀ ਹੀ ਇਸ ਦਾ ਪੰਜਾਬੀ ਵਿੱਚ ਅਨੁਵਾਦ ਵੀ ਛਪਕੇ ਆ ਜਾਵੇਗਾ । ਇਸ ਮੌਕੇ ਖਚਾਖਚ ਭਰੇ ਹੋਏ ਹਾਲ ਅੰਦਰ ਆਏ ਹੋਏ ਦਰਸਕਾਂ ਲਈ ਘਰ ਦਾ ਬਣਾਇਆ ਹੋਇਆ ਹੈਲਥੀ ਫੂਡ ਵੀ ਵਰਤਾਇਆ ਗਿਆ। ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਸਿਹਤ ਸਬੰਧੀ ਕਿਤਾਬ ਦੀ ਖਰੀਦਦਾਰੀ ਕਰਕੇ ਆਪਣੇ ਭਵਿੱਖ ਨੂੰ ਤੰਦਰੁਸਤ ਰੱਖਣ ਦਾ ਵਾਅਦਾ ਕੀਤਾ।











SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Pii Punjab Insurance Inc
SERVICES
- Life Insurance
- Mortgage Insurance
- Critical Illness Insurance
- Disability Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Harpinder Sidhu
REGIONAL MANAGER
403 404 3500
sidhu.harpinder@gmail.com
Gurinder Chahal
MANAGER
587 707 7000
cgyquotes@gmail.com

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
E Mail: Info@twcoverings.com
Web: www.twcoverings.com
Timelesswindowcoverings
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
LAKESIDE MEAT MASALA
Wings Special
Every Tuesday and Wednesday
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Special Discount for Birthdays & Parties
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

# ਕੈਲਗਰੀ ਦੇ ਸਿੱਖ ਵੈਲਿਊਸ ਲਰਨਿੰਗ ਸੈਂਟਰ ਵਿਖੇ ਬੇਬੇ ਨਾਨਕੀ ਜੀ ਯਾਦ ਵਿੱਚ ਦਿਹਾੜਾ ਮਨਾਇਆ ਗਿਆ

## ਹਰੇਕ ਮਹੀਨੇ ਵਾਰੀ ਵਾਰੀ ਮਨਾਏ ਜਾਣਗੇ ਗੁਰੂ ਸਾਹਿਬਾਨਾਂ ਦੇ ਪਰਿਵਾਰਾਂ ਦੀਆਂ ਪ੍ਰਸਿੱਧ ਬੀਬੀਆਂ ਦੇ ਦਿਹਾੜੇ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ): ਕੈਲਗਰੀ ਵਿੱਚ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਵਿਖੇ ਬਹੁਤ ਹੀ ਉਤਸ਼ਾਹ ਨਾਲ ਬੇਬੇ ਨਾਨਕੀ ਜੀ ਦੀ ਯਾਦ ਵਿੱਚ ਦਿਹਾੜਾ ਮਨਾਇਆ ਗਿਆ।ਬੇਬੇ ਨਾਨਕੀ ਜੀ ਦੇ ਜੀਵਨ ਨਾਲ ਸਬੰਧਿਤ ਬਹੁਤ ਹੀ ਨਵੀਨ ਜਾਣਕਾਰੀ ਭਰਪੂਰ ਸਲਾਈਡ ਸ਼ੋਅ ਪੇਸ਼ ਕੀਤਾ ਗਿਆ। ਇਸ ਸਲਾਈਡ ਸ਼ੋਅ ਰਾਹੀਂ ਬੇਬੇ ਨਾਨਕੀ ਜੀ ਦੇ ਗੁਣਾਂ ਨੂੰ ਆਪਣੇ ਅੰਦਰ ਧਾਰਨ ਕਰਕੇ ਕਿਵੇਂ ਆਪਣੇ ਪਰਿਵਾਰ ਵਿੱਚ ਖੁਸ਼ੀਆਂ ਦੇ ਬੀਜ ਬੀਜੇ ਜਾ ਸਕਦੇ ਹਨ ਅਤੇ ਕਿਵੇਂ ਨਵੀਂ ਪੀੜ੍ਹੀ ਆਪਣੇ ਮਾਪਿਆਂ ਦੇ ਆਗਿਆਕਾਰੀ ਬਣ ਕੇ ਲੋਕਾਂ ਲਈ ਰਾਹ ਦਸੇਰੇ (ਆਈਕੋਨ) ਬਣ ਸਕਦੀ ਹੈ, ਬਾਰੇ ਡਿਸਕਸ਼ਨ ਕੀਤੀ ਗਈ। ਸਲਾਈਡ ਸ਼ੋਅ ਤੋਂ ਪ੍ਰਭਾਵਿਤ ਹੋ ਕਿ ਸਾਰੀਆਂ ਬੱਚੀਆਂ ਨੇ ਬੇਬੇ ਨਾਨਕੀ ਜੀ ਨੂੰ ਆਪਣਾ ਰੋਲ ਮਾਡਲ ਮੰਨ ਕੇ ਉਹਨਾਂ ਦੇ ਗੁਣਾਂ ਵਾਰੇ ਨੋਟਿਸ ਬਣਾਏ।

ਨਿਰਵੈਰ ਕੌਰ, ਨਵਨੂਰ ਕੌਰ ਅਤੇ ਜੈਸਲੀਨ ਕੌਰ ਵੱਲੋਂ ਉਹਨਾਂ ਦੇ ਜੀਵਨ ਵਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਸਵਾਲ ਜਵਾਬ ਵੀ ਪੁੱਛੇ ਗਏ। ਲਰਨਿੰਗ ਸੈਂਟਰ ਦੇ ਵਿਦਿਆਰਥੀਆਂ ਦੇ ਮਨੋਰੰਜਨ ਲਈ ਇਨਡੋਰ ਗੇਮਾਂ ਕਰਵਾਈਆਂ ਗਈਆਂ। ਸ੍ਰ ਅਜੈਬ ਸਿੰਘ ਭੰਗੂ ਵੱਲੋਂ ਪਾਰਕਾਂ ਵਿੱਚ ਜਾ ਜਾ ਕੇ ਉੱਥੇ ਰੋਜਾਨਾਂ ਬੈਠਣ ਵਾਲੇ ਬਜੁਰਗਾਂ ਨੂੰ ਲਰਨਿੰਗ ਸੈਂਟਰ ਦੇ ਇਸ ਸਮਾਗਮ ਵਿੱਚ ਪਹੁੰਚਣ ਲਈ ਅਤੇ ਹਰ ਤਰਾਂ ਦਾ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ ਗਿਆ। ਸ੍ਰ ਸੇਵਾ ਸਿੰਘ ਜੀ ਵੱਲੋਂ ਬੱਚਿਆਂ ਦੇ ਨਾਲ ਬਹੁਤ ਸੰਖੇਪ ਸ਼ਬਦਾਂ ਵਿੱਚ ਅਨਮੋਲ ਬਚਨਾਂ ਰਾਹੀਂ ਸਾਂਝ ਪਾਈ ਗਈ।




ਆਖੀਰ ਤੇ ਹਾਸਿਆਂ ਦੇ ਬਾਦਸ਼ਾਹ ਸ੍ਰ ਤਰਲੋਕ ਸਿੰਘ ਚੁੱਘ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਲਰਨਿੰਗ ਸੈਂਟਰ ਵੱਲੋਂ ਕੀਤੇ ਜਾ ਰਹੇ ਕੀਮਤੀ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਪਰਿਵਾਰਾਂ ਨੂੰ ਬੱਚੇ ਦਾਖਲ ਕਰਵਾਉਣ ਲਈ ਪ੍ਰੇਰਤਿ ਕਰਨ। ਲਰਨਿੰਗ ਸੈਂਟਰ ਦੀ ਵਿਦਿਆਰਥਣ ਬੀਬੀ ਬਾਣੀ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸੰਗਤਾਂ ਨੂੰ ਪੀਜੇ ਦਾ ਲੰਗਰ ਵਰਤਾਇਆ ਗਿਆ। ਸੰਗਤਾਂ ਦੇ ਉਤਸ਼ਾਹ ਨੂੰ ਦੇਖਦਿਆਂ ਅਗਲੇ ਮਹੀਨੇ ਬੀਬੀ ਅਭਜੋਤ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਜੋ ਮਾਤਾ ਤ੍ਰਿਪਤਾ ਜੀ ਦੇ ਦਿਹਾੜਾ ਮਨਾਇਆ ਜਾਣਾ ਹੈ ਉਸ ਲਈ ਢਿੱਲੋਂ ਪਰਿਵਾਰ ਨੇ ਸੇਵਾ ਆਪਣੇ ਜਿੰਮੇਂ ਲਈ ਅਤੇ ਉਹਨਾਂ ਵੱਲੋਂ ਪਰਿਵਾਰਾਂ ਨੂੰ ਪਹੁੰਚਣ ਲਈ ਸੱਦਾ ਦਿੱਤਾ ਗਿਆ।

ਆਖੀਰ ਤੇ ਗਿਆਨੀ ਜੀ ਨੇ ਸਿੱਖ ਵੈਲਿਯੂਸ ਦੀ ਸਮੂੰਹ ਟੀਮ ਵੱਲੋਂ ਪੰਜਾਬੀ ਅਖਬਾਰ ਦੀ ਸਮੂੰਹ ਟੀਮ ਅਤੇ ਵਿਸ਼ੇਸ਼ ਤੌਰ ਤੇ ਸ੍ਰ ਹਰਬੰਸ ਸਿੰਘ ਬੁੱਟਰ ਜੀ ਦਾ ਧੰਨਵਾਦ ਕੀਤਾ ਗਿਆ ਜੋ ਕਿ ਖਬਰਾਂ ਰਾਹੀਂ ਸੰਗਤਾਂ ਨੂੰ ਜਾਣਕਾਰੀ ਦੇ ਕੇ ਨਵੀਂ ਪੀੜ੍ਹੀ ਵਿੱਚ ਉਤਸ਼ਾਹ ਭਰਦੇ ਹਨ। ਉਹਨਾਂ ਸਮੂੰਹ ਪੰਜਾਬੀ ਪਰਿਵਾਰਾਂ ਨੂੰ ਬੇਨਤੀ ਕੀਤੀ ਕਿ ਪੰਜਾਬੀ ਅਖਬਾਰ ਹਰੇਕ ਪਰਿਵਾਰ ਨੂੰ ਆਪ ਵੀ ਪੜ੍ਹਣਾ ਚਾਹੀਦਾ ਹੈ ਅਤੇ ਨਵੀਂ ਪੀੜ੍ਹੀ ਨੂੰ ਵੀ ਪੜ੍ਹਾਉਣਾ ਚਾਹੀਦਾ ਹੈ।

# ’ਸਰਹੱਦਾਂ ਦੇ ਬੂਹੇ ਤੁਸੀਂ ਖੋਲ੍ਹੋ, ਸੋਚਾਂ ਦੇ ਬੂਹੇ ਅਸੀਂ ਖੋਲ੍ਹਾਂਗੇ’।

## ਟੋਬਾ ਟੇਕ ਸਿੰਘ ਦੀ ਜਾਈ ਧੀ ਡਾ: ਨਬੀਲਾ ਰਹਿਮਾਨ ਦਾ ਕੈਨੇਡਾ ਵਿਖੇ ਸਨਮਾਨ ਹੋਇਆ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਯੂਨੀਵਰਸਿਟੀ ਆਫ ਝੰਗ ਦੀ ਵਾਈਸ ਚਾਂਸਲਰ ਅਤੇ ਪੰਜਾਬ ਯੂਨੀਵਰਸਿਟੀ ਲਾਹੌਰ ਵਿੱਚ ’ਇੰਸਟੀਚਿਊਟ ਆਫ ਪੰਜਾਬੀ ਐਂਡ ਕਲਚਰ’ ਦੀ ਡਾਇਰੈਕਟਰ (ਡੂਅਲ ਚਾਰਜ) ਡਾ: ਨਬੀਲਾ ਰਹਿਮਾਨ ਦਾ ਕੈਨੇਡਾ ਆਉਣ ’ਤੇ ਇੱਥੋਂ ਦੀਆਂ ਦੋ ਉੱਘੀਆਂ ਸੰਸਥਾਵਾਂ – ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੁਆਰਾ ਵਿਸ਼ੇਸ਼ ਸਮਾਗਮਾਂ ਦੌਰਾਨ ਉਚੇਚੇ ਤੌਰ ’ਤੇ ਸਨਮਾਨ ਕੀਤਾ ਗਿਆ। ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ, ਕੈਨੇਡਾ ਦੇ ਬਾਨੀ ਮੰਨੇ-ਪ੍ਰਮੰਨੇ ਲੇਖਕ, ਸੰਪਾਦਕ, ਸਿੱਖ ਚਿੰਤਕ, ਵਿਦਵਾਨ, ਕਰਮਸ਼ੀਲ ਸਮਾਜ ਸੇਵੀ ਅਤੇ ਉੱਘੇ ਫੋਟੋਗ੍ਰਾਫਰ ਸਰਦਾਰ ਜੈਤੇਗ ਸਿੰਘ ਅਨੰਤ ਨੇ ਡਾ: ਸਾਹਿਬਾ ਨਾਲ ਆਪਣੀ ਵਰ੍ਹਿਆਂ ਲੰਮੀ ਗੂੜ੍ਹੀ ਸਾਹਿਤਕ ਸਾਂਝ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਪੰਜਾਬੀ ਵਿਭਾਗ ਤੋਂ ਕਿਸੇ ਪਾਕਿਸਤਾਨੀ ਯੂਨੀਵਰਸਿਟੀ ਦੀ ਮਹਿਲਾ ਵਾਈਸ ਚਾਂਸਲਰ ਬਣਨ ਵਾਲ਼ੀ ਪਹਿਲੀ ਸ਼ਖ਼ਸੀਅਤ ਹਨ। ਡਾ: ਨਬੀਲਾ ਜੀ ਦੁਆਰਾ ਪੰਜਾਬੀ ਜ਼ੁਬਾਨ, ਸਾਹਿਤ ਅਤੇ ਇਸ ਦੇ ਵਿਦਿਅਕ ਪਸਾਰੇ ਬਾਰੇ ਪਾਏ ਗਏ ਅਤੇ ਹੁਣ ਵੀ ਪਾਏ ਜਾ ਰਹੇ ਅਦੁੱਤੀ ਵਡਮੁੱਲੇ ਯੋਗਦਾਨ ਨੂੰ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੂੰ ਗਿਆਨੀ ਗੁਰਦਿੱਤ ਸਿੰਘ ਬਾਰੇ ਆਪਣੀ ਸੰਪਾਦਿਤ ਪੁਸਤਕ ਭੇਟ ਕੀਤੀ, ਟਰੱਸਟ ਵੱਲੋਂ ਉਨ੍ਹਾ ਨੂੰ ਪਲੇਕ ਅਤੇ ਸ਼ਾਲ ਦੇ ਕੇ ਰਸਮੀ ਤੌਰ ’ਤੇ ਸਨਮਾਨਿਤ ਕੀਤਾ। ਡਾ: ਨਬੀਲਾ ਨੇ ਲਹਿੰਦੇ ਪੰਜਾਬ ਅੰਦਰ ਸਿਆਸੀ ਲੋਕਾਂ ਅਤੇ ਖਾਸ ਵਰਗਾਂ ਵੱਲੋਂ ਅਣਗੌਲ਼ਿਆਂ ਕਰਨ ਬਾਰੇ ਤਾਜ਼ਾ ਸਥਿੱਤੀ ਦਾ ਖੁਲਾਸਾ ਕੀਤਾ। ਉਨ੍ਹਾਂ ਨੇ ਕਿਹਾ ਕਿ ਹੁਣ ਜਪੁਜੀ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਕਾਲਜਾਂ ਦੇ ਸਿਲੇਬਸ ਵਿੱਚ ਸ਼ਾਮਿਲ ਕੀਤਾ ਗਿਆ ਹੈ। ਉਨ੍ਹਾਂ ਦੇ ਉੱਦਮ ਨਾ਼ਲ ਪੰਜਾਬੀ ਯੂਨੀਵਰਸਿਟੀ, ਲਾਹੌਰ ਦੇ ਪੰਜਾਬੀ ਵਿਭਾਗ ਵਿੱਚ ਗੁਰੂ ਨਾਨਕ ਚੇਅਰ ਸਥਾਪਤ ਹੋਈ ਹੈ। ਉਨ੍ਹਾਂ ਦਾ ਸੁਨੇਹਾ ਸੀ – ’ਸਰਹੱਦਾਂ ਦੇ ਬੂਹੇ ਤੁਸੀਂ ਖੋਲ੍ਹੋ, ਸੋਚਾਂ ਦੇ ਬੂਹੇ ਅਸੀਂ ਖੋਲ੍ਹਾਂਗੇ’। ਇਸ ਮੌਕੇ ਵੈਨਕੂਵਰ ਅਤੇ ਸਰੀ ਤੋਂ ਵੱਖੋ-ਵੱਖ ਸੰਸਥਾਵਾਂ ਦੇ ਉੱਘੇ ਨੁਮਾਇੰਦਿਆਂ ਨੇ ਆਪਣੇ ਕੀਮਤੀ ਵਿਚਾਰਾਂ ਸਹਿਤ ਸ਼ਿਰਕਤ ਕੀਤੀ। ਮਗਰੋਂ ਜੈਤੇਗ ਸਿੰਘ ਅਨੰਤ ਦੁਆਰਾ ਉਨ੍ਹਾਂ ਦੇ ਸਨਮਾਨ ਹਿਤ ਦਿੱਤੇ ਗਏ ਰਾਤਰੀ ਭੋਜ ਵਿੱਚ ਵੀ ਕੋਈ ਪੰਦਰਾਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਦੂਜਾ ਵਿਸ਼ੇਸ਼ ਸਮਾਗਮ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਬ੍ਰਕਸਾਈਡ ਵਿਖੇ ਕੀਤਾ ਗਿਆ। ਸੋਸਾਇਟੀ ਦੇ ਮੀਡੀਆ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਡਾ: ਨਬੀਲਾ ਰਹਿਮਾਨ ਦੇ ਯੋਗਦਾਨ ਦੀ ਭਰਵੀਂ ਪ੍ਰਸ਼ੰਸਾ ਕੀਤੀ। ਨਬੀਲਾ ਜੀ ਨੇ ਪੰਜਾਬੀ ਪ੍ਰਤੀ ਵਚਨਬੱਧਤਾ ਨਾਲ ਯੋਗਦਾਨ ਪਾਉਂਦੇ ਰਹਿਣ ਨੂੰ ਆਪਣੇ ਪੁਰਖਲੂਸ ਤਰੀਕੇ ਨਾ਼ਲ ਸਾਹਮਣੇ ਰੱਖਿਆ। ਉਨ੍ਹਾਂ ਨੇ ਸਰਦਾਰ ਜੈਤੇਗ ਸਿੰਘ ਦੁਆਰਾ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਸਭਾ ਦੇ ਪ੍ਰਧਾਨ ਧਰਮ ਸਿੰਘ ਪਨੇਸਰ ਨੇ ਡਾ: ਨਬੀਲਾ ਰਹਿਮਾਨ ਨੂੰ ਰਸਮੀ ਤੌਰ’ਤੇ ਪਲੇਕ ਅਤੇ ਸ਼ਾਲ ਭੇਟਾ ਕਰ ਕੇ ਸਨਮਾਨਿਤ ਕੀਤਾ। ਇਲਾਕੇ ਦੀਆਂ ਉੱਘੀਆਂ ਹਸਤੀਆਂ ਨੇ ਡਾ: ਸਾਹਿਬਾ ਦੀ ਸਲਾਹੁਤਾ ਕਰਦਿਆਂ ਪੰਜਾਬੀ ਦੇ ਵਿਕਾਸ ਬਾਰੇ ਵਿਚਾਰ ਸਾਂਝੇ ਕੀਤੇ। ਟੋਬਾ ਟੇਕ ਸਿੰਘ ਦੀ ਜਾਈ ਇਸ ਮਹਾਨ ਧੀ ਨੂੰ ਚੜ੍ਹਦੇ ਪੰਜਾਬ ਦੀਆਂ ਪ੍ਰਵਾਸੀ ਸ਼ਖ਼ਸੀਅਤਾਂ ਨੇ ਸਨਮਾਨਿਤ ਕਰ ਕੇ ਆਪਣਾ ਪਵਿੱਤਰ ਫ਼ਰਜ਼ ਅਦਾ ਕਰਨ ਦੀ ਕੋਸ਼ਿਸ਼ ਕੀਤੀ।


















# ਨੁੱਕੜ ਨਾਟਕ ਦੀ ਸ਼ੈਲੀ ਵਿੱਚ ਪਹਿਲੀ ਵਾਰ ਖੁੱਲ੍ਹੀਆਂ ਗਰਾਊਂਡਾਂ ਵਿੱਚ ਨਾਟਕ ਦੀ ਪੇਸ਼ਕਾਰੀ ਹੋਈ !






ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਪਿਛਲੇ ਵੀਕੈਂਡ ਤੇ ਗੁਰਸ਼ਰਨ ਭਾਜੀ ਦੇ ਜਨਮ ਦਿਨ ਅਤੇ ਸ਼ਹੀਦ ਭਗਤ ਸਿੰਘ ਦੇ 28 ਸਤੰਬਰ ਦੇ ਜਨਮ ਦਿਨ ਨੂੰ ਸਮਰਪਿਤ ਨਾਟਕ ਮੇਲਾ ਕਰਵਾਇਆ ਗਿਆ।

ਇਸ ਨਾਟਕ ਮੇਲੇ ਵਿੱਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਤਿਆਰ ਕੀਤਾ ਗਿਆ ਨਾਟਕ, 'ਸੁਪਨਿਆਂ ਦੀ ਧਰਤੀ ਹੋਈ ਅਲੂਣੀ' ਪੇਸ਼ ਕੀਤਾ ਗਿਆ। ਕੈਨੇਡਾ ਦੀ ਰੁਝੇਵਿਆਂ ਭਰੀ ਜਿੰਦਗੀ 'ਚੋਂ 250 ਦੇ ਕਰੀਬ ਦਰਸ਼ਕਾਂ ਨੇ 'ਨੁੱਕੜ ਨਾਟਕ' ਦੀ ਸ਼ੈਲੀ ਵਿੱਚ 'ਪ੍ਰੌਗਰੈਸਵਿ ਕਲਾ ਮੰਚ ਕੈਲਗਰੀ' ਦੀ ਪਲੇਠੀ ਪੇਸ਼ਕਾਰੀ ਨੂੰ ਭਰਵਾਂ ਹੁੰਗਾਰਾ ਦਿੱਤਾ।ਇਹ ਨਾਟਕ ਕੈਲਗਰੀ ਨਾਰਥ ਈਸਟ ਦੇ ਕਾਰਨਰ ਸਟੋਨ ਇਲਾਕੇ ਦੀਆਂ ਖੁੱਲ੍ਹੀਆਂ ਗਰਾਉਂਡਾਂ ਵਿੱਚ ਖੇਡਿਆ ਗਿਆ। ਜਿੱਥੇ ਦਰਸ਼ਕ ਪਰਿਵਾਰਾਂ ਸਮੇਤ ਪਹੁੰਚੇ।ਬਹੁਤ ਸਾਰੇ ਦਰਸ਼ਕਾਂ ਨੇ ਨਾਟਕ ਦਾ ਆਨੰਦ ਘਾਹ ਤੇ ਬੈਠ ਕੇ ਮਾਣਿਆ ਅਤੇ ਬਹੁਤ ਸਾਰੇ ਦਰਸ਼ਕਾਂ ਘਰਾਂ ਤੋਂ ਆਪਣੀਆਂ ਫੋਲਡਿੰਗ ਚੇਅਰਾਂ ਨਾਲ਼ ਲੈ ਕੇ ਗਏ ਸਨ।

ਇਸ ਸਫ਼ਲ ਪ੍ਰੋਗਰਾਮ ਦੀ ਸ਼ੁਰੂਆਤ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭਜਨ ਸਿੰਘ ਨੇ ਕਰਦਿਆਂ ਸਰੋਤਿਆਂ ਨੂੰ ਦੱਸਿਆ ਕਿ 30 ਸਾਲ ਪਹਿਲਾਂ ਬਣੀ ਇਹ ਸੰਸਥਾ ਲੋਕਾਂ ਦੇ ਸਹਿਯੋਗ ਨਾਲ 14 ਸਾਲਾ ਤੋਂ ਨਾਟਕਾਂ ਰਾਹੀਂ ਸ਼ਹੀਦ ਭਗਤ ਸਿੰਘ ਅਤੇ ਗੁਰਸ਼ਰਨ ਭਾਜੀ ਤੋਂ ਪ੍ਰੇਰਨਾ ਲੈ ਕੇ ਉਹਨਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਯਤਨਸ਼ੀਲ ਹੈ। ਇਸ ਐਸੋਸਇਸ਼ਨ ਵੱਲੋਂ ਸਾਲ ਵਿੱਚ 3-4 ਨਾਟਕ ਤੇ ਕਈ ਹੋਰ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਪ੍ਰੋਗਰਾਮ ਤੇ ਸੈਮੀਨਾਰ ਕਰਵਾਏ ਜਾਂਦੇ ਹਨ।ਇਸ ਤੋਂ ਇਲਾਵਾ ਸਾਲ ਵਿੱਚ 3-4 ਵਾਰ ਲੋਕਾਂ ਵਿੱਚ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਦੇਣ ਲਈ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਵਲੋਂ ਪੁਸਤਕ ਮੇਲੇ ਵੀ ਲਗਾਏ ਜਾਂਦੇ ਹਨ।ਇਸ ਸਾਲ ਆਖਰੀ ਪੁਸਤਕ ਮੇਲਾ ਐਤਵਾਰ 15 ਅਕਤੂਬਰ ਨੂੰ ਗਰੀਨ ਪਲਾਜ਼ਾ ਵਿਖੇ ਲਗਾਇਆ ਜਾਵੇਗਾ।ਜਿਸਦਾ ਉਦਗਾਟਨ ਉੱਘੇ ਜਨਰਲਿਸਟ ਰਿਸ਼ੀ ਨਾਗਰ ਵੱਲੋਂ ਕੀਤਾ ਜਾਵੇਗਾ।

ਇਸ ਨਾਟਕ ਵਿੱਚ ਕਮਲਪ੍ਰੀਤ ਪੰਧੇਰ, ਕਮਲ ਸਿੱਧੂ, ਹਰਪ੍ਰੀਤ ਕੌਰ, ਸੰਦੀਪ ਗਿੱਲ, ਸਫਲ ਮਾਲਵਾ, ਜੱਸ ਲੰਮੇ, ਸੁਖਮਨੀ ਸਿੱਧੂ, ਸਨੀ ਆਦਿ ਕਲਾਕਾਰਾਂ ਨੇ ਭਾਗ ਲਿਆ।ਦੁਨੀਆਂ ਭਰ ਵਿੱਚ ਨਸ਼ਿਆਂ ਦੀ ਵਧ ਰਹੀ ਸਮੱਸਿਆ ਅਤੇ ਪ੍ਰਵਾਸੀ ਭਾਰਤੀਆਂ ਤੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਦੀਆਂ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਨੂੰ ਇਸ ਨਾਟਕ ਵਿੱਚ ਬਾਖੂਬੀ ਉਜਾਗਰ ਕੀਤਾ ਗਿਆ। ਪ੍ਰਬੰਧਕੀ ਟੀਮ ਵੱਲੋਂ ਸਭ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਕਮਲਪ੍ਰੀਤ ਨੇ ਕਿਹਾ ਕਿ ਤੁਹਾਡੇ ਇਸ ਭਰਵੇਂ ਹੁੰਗਾਰੇ ਨੇ ਸਾਡੀ ਟੀਮ ਦਾ ਹੌਸਲਾ ਵਧਾਇਆ ਹੈ।ਅਸੀਂ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਇਸ ਯਤਨ ਨੂੰ ਭਵਿੱਖ ਵਿੱਚ ਵੀ ਜਾਰੀ ਰਖਾਂਗੇ।

## ਸ਼ਹੀਦੇ ਆਜਮ ਭਗਤ ਸਿੰਘ ਅਤੇ ਭਾਈ ਮੰਨਾ ਸਿੰਘ ਨੂੰ ਐਡਮਿੰਟਨ ਦੇ ਬਜ਼ੁਰਗਾਂ ਨੇ ਯਾਦ ਕੀਤਾ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ )ਐਡਮਿੰਟਨ ਤੋਂ 10 ਕਿਲੋਮੀਟਰ ਦੂਰ ਬਉਮੌਂਟ(ਅਲਬਰਟਾ ) ਵਿਖੇ ਸ਼ਹੀਦੇ ਆਜਮ ਸਰਦਾਰ ਭਗਤ ਸਿੰਘ ਦਾ 116 ਵਾਂ ਜਨਮ ਦਿਵਸ ਬੜੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸਤੀਸ਼ ਸਚਦੇਵਾ ਨੇ ਕੀਤੀ । ਉਨ੍ਹਾਂ ਬੋਲਦਿਆਂ ਕਿਹਾ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਕਿਹਾ ਕਰਦੇ ਸਨ ਕਿ ਜਦੋਂ ਤੱਕ ਮਨੱਖ ਹੱਥੋਂ ਮਨੁੱਖ ਦੀ ਲੁੱਟ ਜਾਰੀ ਰਹੇਗੀ ਤਾਂ ਸਾਡਾ ਸੰਘਰਸ਼ ਚੱਲਦਾ ਰਹੇਗਾ । ਉਨ੍ਹਾਂ ਕਿਹਾ ਸੀ ਕਿ ਇਨਕਲਾਬ ਜਿੰਦਾਬਾਦ,ਸਾਮਰਾਜਵਾਦ ਮੁਰਦਾਬਾਦ। ਇਸੇ ਮੌਕੇ ਭਾਅ ਜੀ ਗੁਰਸ਼ਰਨ ਸਿੰਘ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਜੋ ਸਾਰੀ ਉਮਰ ਦੱਬੇ ਕੁਚਲੇ ਕਿਰਤੀਆਂ, ਮਿਹਨਤਕਸ਼ਾਂ ਦੇ ਵਿਹੜਿਆਂ ਵਿੱਚ ਇਨਕਲਾਬੀ ਵਿਚਾਰਾਂ ਰਾਹੀ ਚੇਤਨਾ ਦੇ ਬੀਜ਼ ਪਿੰਡ ਪਿੰਡ, ਸ਼ਹਿਰ ਸ਼ਹਿਰ, ਦੇਸਾਂ ਵਿਦੇਸ਼ਾਂ ਵਿਚ ਆਪਣੇ ਨਾਟਕਾਂ ਜ਼ਰੀਏ ਬਖੇਰਦੇ ਰਹੇ । ਜਲੰਧਰ ਦੂਰਦਰਸ਼ਨ ਤੋ ਨਾਟਕਾਂ ਦੀ ਪੇਸ਼ਕਾਰੀ ਨਾਲ ਉਹ ਭਾਈ ਮੰਨਾ ਸਿੰਘ ਨਾਲ ਜਾਣੇ ਜਾਣ ਲੱਗੇ। ਇਸ ਮੌਕੇ ਬਉਮੌਂਟ ਪ੍ਰਸ਼ਾਸ਼ਨ ਤੋ ਐਡਮਿੰਟਨ ਤੱਕ ਸਵੇਰ ਤੋ ਸ਼ਾਮ ਤੱਕ ਸੱਤੇ ਦਿਨ ਇੱਕ ਇੱਕ ਘੰਟੇ ਦੇ ਵਕਫੇ ਨਾਲ ਬੱਸ ਚਲਾਉਣ ਦੀ ਮੰਗ ਕੀਤੀ ਗਈ। ਸੀਨੀਅਰ ਸਿਟੀਜਨ ਨੂੰ ਫਰੀ ਬੱਸ ਪਾਸ ਐਡਮਿੰਟਨ ਤੱਕ ਦਿੱਤੇ ਜਾਣ। ਦਿਨੋ ਦਿਨ ਵਧ ਰਹੀ ਅਬਾਦੀ ਲਈ ਪਾਰਕ ਪਬਲਿਕ ਵਾਸ਼ਰੂਮ ਬਣਾਏ ਜਾਣ। ਆਨ ਡਿਮਾਂਡ ਬੱਸ ਸਰਵਿਸ ਸ਼ੁਰੂ ਕੀਤੀ ਜਾਵੇ । ਇਸ ਮੌਕੇ ਤਰਲੋਕ ਸਿੰਘ, ਮਾਸਟਰ ਜੋਗਿੰਦਰ ਸਿੰਘ ਬਾਠ, ਕੰਵਰਪਾਲ ਸਿੰਘ ਥਿੰਦ ਹਰਭਜਨ ਸਿੰਘ,ਅਵਤਾਰ ਸਿੰਘ ਥਿੰਦ, ਪਾਕਿਸਤਾਨ ਤੋ ਆਏ ਸ਼ਹਿਬਾਜ ਅਹਿਮਦ,ਸ਼ਮਸ਼ੇਰ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਮਨਦੀਪ ਝੱਲੀ ਨੂੰ ਖੇਡਾਂ ਦੇ ਖੇਤਰ ਵਿੱਚ ਸਾਨਦਾਰ ਪ੍ਰਾਪਤੀਆਂ ਕਾਰਣ ਸਨਮਾਨ ਮਿਲਿਆ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਸਾਊਥ ਏਸੀਅਨ ਇਨਸਪ੍ਰੇਸਨ ਐਵਾਰਡ ਮੌਕੇ ਕੈਲਗਰੀ ਵਾਸੀ ਮਨਦੀਪ ਝੱਲੀ ਨੂੰ ਸਾਲ 2023 ਆਊਟਸਟੈਂਡਿੰਗ ਅਚੀਵਮੈਂਟ ਇਨ ਸਪੋਰਟਸ ਐਵਾਰਡ ਨਾਲ ਮਾਣ ਸਨਮਾਨ ਮਿਲਿਆ। ਸਾਲ 1997 ਤੋਂ ਮਨਦੀਪ ਝੱਲੀ ਹਾਕੀ ਦੀ ਕੋਚਿੰਗ ਦੇ ਖੇਤਰ ਵਿੱਚ ਹੈ। ਸਾਲ 2007 ਤੋਂ ਉਹ ਕੈਲਗਰੀ ਦਾ ਵਾਸੀ ਹੈ ਅਤੇ 2016 ਵਿੱਚ ਉਸ ਦੀ ਪ੍ਰੇਰਣਾ ਸਦਕਾ ਯੂਨਾਈਟਿਡ ਫੀਲਡ ਹਾਕੀ ਕਲੱਬ ਦੀ ਸਥਾਪਨਾ ਹੋਈ । ਮਨਦੀਪ ਦਾ ਨਿਸ਼ਾਨਾ ਕਨੇਡਾ ਵਸਦੇ ਬੱਚਿਆਂ ਨੂੰ ਉਹਨਾਂ ਦੇ ਚੰਗੇ ਭਵਿੱਖ ਲਈ ਖੇਡਾਂ ਦੇ ਖੇਤਰ ਵਿੱਚ ਉਤਸਾਹਿਤ ਕਰਨਾ ਹੈ।



















# ਗੱਲ ਘਰ ਘਰ ਦੀ

## ਕਮਰਸ਼ੀਅਲ ਅਤੇ ਰਿਹਾਇਸ਼ੀ ਰੀਅਲ ਇਸਟੇਟ ਦੇ ਸੰਕਟ ਦੋ ਪਰ ਹੱਲ ਇੱਕ




ਸਮੁੱਚੇ ਕੈਨੇਡਾ ਵਿੱਚ ਇਸ ਸਮੇਂ ਰੀਅਲ ਇਸਟੇਟ ਦੇ ਦੋ ਸੰਕਟ ਚੱਲ ਰਹੇ ਹਨ - ਕਮਰਸ਼ੀਅਲ ਅਤੇ ਰਿਹਾਇਸ਼ੀ! ਕੋਰੋਨਾ ਵਾਇਰਸ ਦੇ ਦਿਨਾਂ ਵਿੱਚ ਲੋਕਾਂ ਨੇ ਸੋਚਿਆ ਸੀ ਕਿ ਜਦੋਂ ਇਹ ਕਰੋਪੀ ਖ਼ਤਮ ਹੋਈ ਤਾਂ ਸਾਰੇ ਲੋਕ ਆਪੋ-ਆਪਣੇ ਦਫ਼ਤਰਾਂ ਵਿੱਚ ਪਰਤ ਆਉਣਗੇ...ਪਰ ਅਜਿਹਾ ਹੋਇਆ ਨਹੀਂ। ਸਮੁੱਚੇ ਦੇਸ਼ ਦੇ ਲਗਪਗ ਹਰ ਵੱਡੇ ਸ਼ਹਿਰ ਵਿੱਚ 'ਵੇਕੈਂਸੀ ਰੇਟ' ਇਸ ਦਾ ਪੱਕਾ ਸਬੂਤ ਹੈ। ਪੈਂਡੈਮਿਕ ਜਾ ਚੁੱਕਿਆ ਹੈ ਪਰ ਵੇਕੈਂਸੀ ਰੇਟ (ਇਮਾਰਤਾਂ ਵਿੱਚ ਖਾਲੀ ਪਈ ਥਾਂ ਦੀ ਦਰ) ਔਸਤਨ 18.1% ਤੱਕ ਵਧ ਗਿਆ ਹੈ। ਜਿਹੜੇ ਵੱਡੇ ਅਦਾਰੇ ਇਹਨਾਂ ਖਾਲੀ ਇਮਾਰਤਾਂ ਦੇ ਮਾਲਕ ਹਨ, ਉਹਨਾਂ ਨੂੰ ਹੁਣ ਇਹ ਚਿੰਤਾ ਵੱਢ ਵੱਢ ਖਾ ਰਹੀ ਹੈ ਕਿ ਇਹਨਾਂ ਇਮਾਰਤਾਂ ਦੇ ਪ੍ਰੌਪਰਟੀ ਟੈਕਸਾਂ ਦਾ ਭੁਗਤਾਨ ਕਿਵੇਂ ਹੋਵੇ! ਹੁਣ ਇਸ ਸੰਕਟ ਦਾ ਵਿਸਥਾਰ ਵੇਖੋ! ਇਹਨਾਂ ਇਮਾਰਤਾਂ ਦੇ ਮਾਲਕਾਂ ਨੂੰ ਕਰਜ਼ਿਆਂ ਦੀ ਅਦਾਇਗੀ ਦਾ ਸੰਕਟ ਵੀ ਹੈ...ਤੇ ਇਸ ਦਾ ਅਸਰ ਬੈਂਕਾਂ ਉੱਪਰ ਵੀ ਪੈਣ ਲੱਗਿਆ ਹੈ...ਇਸ ਸੈਕਟਰ ਵਿੱਚ ਰਕਮ ਲਗਾਉਣ ਵਾਲਿਆਂ (ਇਨਵੈਸਟਰਾਂ) ਦਾ ਭਰੋਸਾ ਡਗਮਗਾਉਣ ਲੱਗਿਆ ਹੈ ਤੇ ਰਕਮ ਆਉਣੀ ਬੰਦ ਹੋ ਗਈ ਹੈ! ਜੇ ਰਕਮ ਨਾ ਆਈ ਤਾਂ ਨਵਾਂ ਫਾਇਨੈਂਸ਼ੀਅਲ ਸੰਕਟ ਸਿਰ 'ਤੇ ਮੰਡਰਾ ਰਿਹਾ ਹੈ।

ਮੌਜੂਦਾ ਸਮੇਂ ਦੇਸ਼ ਭਰ ਦੇ ਸ਼ਹਿਰਾਂ ਵਿੱਚ ਜ਼ੋਨਿੰਗ ਪਾਬੰਦੀਆਂ ਲਾਗੂ ਹਨ। ਇਹਨਾਂ ਪਾਬੰਦੀਆਂ ਦੇ ਕਰਕੇ ਕਈ ਕਮਰਸ਼ੀਅਲ ਇਮਾਰਤਾਂ ਵਿੱਚ ਰਿਹਾਇਸ਼ੀ ਯੂਨਿਟ ਨਹੀਂ ਬਣਾਏ ਜਾ ਸਕਦੇ। ਕੈਲਗਰੀ ਨੇ ਵੱਡੇ ਤੇ ਕ੍ਰਾਂਤੀਕਾਰੀ ਕਦਮ ਚੁੱਕ ਕੇ ਕਈ ਕਮਰਸ਼ੀਅਲ ਇਮਾਰਤਾਂ ਨੂੰ ਰਿਹਾਇਸ਼ੀ ਯੂਨਿਟਾਂ ਵਿੱਚ ਤਬਦੀਲ ਕਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਤੇ ਇਸ ਦੇ ਚੰਗੇ ਨਤੀਜੇ ਵੀ ਨਿੱਕਲ ਰਹੇ ਹਨ। ਪਰ ਅਜਿਹੇ ਕਦਮ ਹਰ ਸ਼ਹਿਰ ਵਿੱਚ ਚੁੱਕੇ ਜਾਣ ਦੀ ਲੋੜ ਹੈ। ਇਹਨਾਂ ਵਿੱਚੋਂ ਬਹੁਤੀਆਂ ਕਮਰਸ਼ੀਅਲ ਇਮਾਰਤਾਂ ਰੇਲਵੇ ਸਟੇਸ਼ਨਾਂ, ਸ਼ੌਪਿੰਗ ਮਾਲਾਂ, ਸਟੋਰਾਂ ਦੇ ਨੇੜੇ ਹੋਣ ਕਰਕੇ, ਇਹਨਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਟ੍ਰਾਂਜ਼ਿਟ (ਆਵਾਜਾਈ ਦੇ) ਸਰਕਾਰੀ ਸਾਧਨਾਂ ਦੀ ਵੀ ਕਮੀ ਨਹੀਂ ਹੈ।

ਜਿਹਨਾਂ ਕਮਿਉਨਿਟੀਆਂ ਵਿੱਚ ਅਮੀਰ ਲੋਕ ਰਹਿੰਦੇ ਹਨ, ਉਹ ਆਪਣੇ ਅਸਰ-ਰਸੂਖ ਕਰਕੇ ਉਹਨਾਂ ਵਿੱਚ ਛੋਟੇ ਘਰ, ਅਪਾਰਟਮੈਂਟ ਨਹੀਂ ਆਉਣ ਦਿੰਦੇ। ਉਦਾਹਰਣ ਵਜੋਂ, ਕੋਈ ਵਿਅਕਤੀ 4 ਤੋਂ 6 ਲੱਖ ਡਾਲਰ ਕੀਮਤ ਵਾਲਾ ਘਰ ਐਸਪਨ ਕਮਿਉਨਿਟੀ ਜਾਂ ਮਾਊਂਟ ਰੌਇਲ ਕਮਿਉਨਿਟੀਆਂ ਵਿੱਚ ਨਹੀਂ ਖ਼ਰੀਦ ਸਕਦਾ। ਕਿਉਂ? ਕਿਉਂਕਿ ਇਹਨਾਂ ਕਮਿਉਨਿਟੀਆਂ ਵਿੱਚ ਇਸ ਕੀਮਤ ਵਾਲੇ ਘਰ ਹੀ ਮੌਜੂਦ ਨਹੀਂ! ਕੀ ਘੱਟ ਆਮਦਨੀ ਵਾਲੇ ਵਿਅਕਤੀ ਕੋਲ ਐਸਪਨ ਜਾਂ ਮਾਊਂਟ ਰੌਇਲ ਕਮਿਉਨਿਟੀਆਂ ਵਿੱਚ ਰਹਿਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ? ਇਹਨਾਂ ਨੀਤੀਆਂ ਵਿੱਚ ਵੱਡੀ ਤਬਦੀਲੀ ਦੀ ਲੋੜ ਹੈ...ਜੇ ਅਜਿਹਾ ਹੋ ਜਾਂਦਾ ਹੈ ਤਾਂ ਦੋ ਸੰਕਟ ਇਕੋ ਵੇਲੇ ਹੱਲ ਕੀਤੇ ਜਾ ਸਕਣਗੇ। ਜੇਕਰ ਤੁਸੀਂ ਆਪਣੇ ਵਾਸਤੇ ਆਪਣੇ ਸੁਫ਼ਨਿਆਂ ਦਾ ਘਰ ਵੇਖ ਰਹੇ ਹੋ ਤਾਂ ਆਪਣੀ ਜ਼ਰੂਰਤ, ਆਪਣੀ ਵਿੱਤੀ ਸਥਿਤੀ ਦੀ ਜਾਣਕਾਰੀ ਲੈ ਕੇ ਸੰਪਰਕ ਕਰੋ, ਨਿਰਾਸ਼ ਨਹੀਂ ਹੋਵੋਗੇ!

**-ਅਮੂ ਨਾਗਰ**

## ਬੈਂਫ ਦੇ ਜੰਗਲੀ ਖੇਤਰ ਵਿੱਚ ਇੱਕ ਮਨੁੱਖੀ ਜੋੜਾ ਅਤੇ ਕੁੱਤਾ ਰਿੱਛ ਦੇ ਹਮਲੇ ਕਾਰਣ ਮਾਰੇ ਗਏ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਗਰਮੀਆਂ ਦੇ ਮੌਸਮ ਦੌਰਾਨ ਬਹੁਤ ਸਾਰੇ ਲੋਕ ਜੰਗਲੀ ਇਲਾਕੇ ਵਿੱਚ ਕੈਂਪਿੰਗ ਜ਼ਰੀਏ ਰਾਤਾਂ ਬਿਤਾਉਣ ਲਈ ਜਾਂਦੇ ਹਨ। ਪਰ ਕੈਂਪਿੰਗ ਦੌਰਾਨ ਹਰ ਸਾਲ ਹੀ ਜੰਗਲੀ ਜਾਨਵਰਾ ਵੱਲੋਂ ਖਤਰੇ ਦੀਆਂ ਸੂਚਨਾਵਾਂ ਅਤੇ ਹਮਲੇ ਦੀਆਂ ਘਟਨਾਵਾਂ ਵੀ ਅਕਸਰ ਖ਼ਬਰਾਂ ਦਾ ਹਿੱਸਾ ਬਣਦੀਆਂ ਹੀ ਰਹਿੰਦੀਆਂ ਹਨ। ਬੀਤੇ ਐਂਤਵਾਰ ਅਲਬਰਟਾ ਦੇ ਬੈਂਫ ਨੈਸ਼ਨਲ ਪਾਰਕ ਵਿੱਚ ਰਿੱਛ ਦੇ ਹਮਲੇ ਵਿੱਚ ਦੋ ਲੋਕਾਂ ਦੀ ਮੌਤ ਹੋ ਜਾਣ ਦੀ ਖਬਰ ਹੈ ਅਤੇ ਉਨ੍ਹਾਂ ਦਾ ਕੁੱਤਾ ਵੀ ਮਾਰਿਆ ਗਿਆ ਹੈ। ਮ੍ਰਿਤਕ ਜੋੜਾ ਪਤੀ-ਪਤਨੀ ਸੀ ਅਤੇ ਉਹਨਾ ਨੂੰ ਜਾਣਨ ਵਾਲੇ ਨੇੜਲੇ ਲੋਕਾਂ ਦਾ ਕਹਿਣਾ ਹੈ ਕਿ ਉਪਰੋਕਤ ਜੋੜੇ ਦਾ ਜੰਗਲੀ ਖੇਤਰ ਵਿੱਚ ਕੈਂਪਿੰਗ ਦਾ ਚੰਗਾ ਤਜਰਬਾ ਸੀ ਪਰ ਪਤਾ ਨਹੀਂ ਇਹ ਭਾਣਾ ਕਿਵੇਂ ਵਾਪਰ ਗਿਆ। ਖਰਾਬ ਮੌਸਮ ਦੇ ਕਾਰਨ ਮੱਦਦਗਾਰ ਟੀਮ ਨੂੰ ਜੰਗਲੀ ਰਸਤੇ ਵਿੱਚੋਂ ਇੱਧਰੋਂ ਉਧਰੋਂ ਲੰਘਣਾ ਪਿਆ ਪਰ ਜਦੋਂ ਉਹ ਦੁਪਹਿਰ 1 ਵਜੇ ਦੇ ਕਰੀਬ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਆਦਮੀ ਅਤੇ ਇੱਕ ਔਰਤ ਮਿਲੇ ਜਿਨ੍ਹਾਂ ਦੀ ਮੌਤ ਹੋ ਚੁੱਕੀ ਸੀ। ਪਾਰਕਸ ਕਨੇਡਾ ਦੀ ਟੀਮ ਨੂੰ ਜਾਂਚ ਦੌਰਾਨ ਇਸ ਖੇਤਰ ਵਿੱਚ ਜੋੜੇ ਉੱਪਰ ਹਮਲਾ ਕਰਨ ਵਾਲਾ ਇੱਕ ਗ੍ਰੀਜ਼ਲੀ ਰਿੱਛ ਮਿਲਿਆ ਅਤੇ ਪਾਰਕਸ ਕੈਨੇਡਾ ਦੁਆਰਾ ਜਨਤਕ ਸੁਰੱਖਿਆ ਕਾਰਨਾਂ ਨੂੰ ਪਹਿਲ ਦਿੰਦਿਆਂ ਕਾਰਵਾਈ ਦੌਰਾਨ ਰਿੱਛ ਵੀ ਮਾਰਿਆ ਗਿਆ। ਹਮਲੇ ਵਾਲੇ ਖੇਤਰ ਨੂੰ ਸਾਵਧਾਨੀ ਵੱਜੋਂ ਬੰਦ ਕਰ ਦਿੱਤਾ ਗਿਆ ਸੀ।

ਯੂਨਾਈਟਿਡ ਹਾਕਸ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਪੇਸ਼ ਕਰਦੇ ਨੇ
11 ਵਾਂ ਕੈਲਗਰੀ ਹਾਕਸ ਹਾਕੀ ਗੋਲਡ ਕੱਪ-2023
October 27,28,29 2023
ਫਰੀ ਐਂਟਰੀ
ਗੁਰੂ ਕਾ ਲੰਗਰ ਅਟੁੱਟ ਵਰਤੇਗਾ
ਹਾਕੀ, ਰੱਸਾਕੱਸੀ ਅਤੇ ਤਾਸ਼ ਸੀਪ ਦੇ ਮੁਕਾਬਲੇ ਕਰਵਾਏ ਜਾਣਗੇ ਗਿੱਧਾ ਅਤੇ ਭੰਗੜਾ ਵੀ ਪੇਸ਼ ਕੀਤਾ ਜਾਵੇਗਾ
7555 FALCONRIDGE BLVD (GENESIS CENTRE) CALGARY AB.
ਹੋਰ ਜਾਣਕਾਰੀ ਲਈ ਸਪੰਰਕ ਕਰੋ
unitedhawks.hockey@gmail.com



Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5



ਦਾਖਲਾ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
Massage Therapy Diploma:
Your Path to a brighter future!
• A 2-year program designed for your needs
• Flexible schedules available for working people
• Start working from the comfort of your home.
• Become a Registered Massage Therapist and be eligible to join different organizations.
• As an RMT, work in hospitals, spas, fitness centers, or run your own home business
• New batches starting 9th of August 2023
• Average salary of a massage therapist is $38 - $70
• International Student Accepted
Refer a student to our program and Get upto $500
Student Loan and Grant options are also available.
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7



PEEL FINANCIAL
LEASING & FINANCE
Experts in Commercial & Industrial Finance Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869 (Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205



NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038



SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141



INDIA PALACE
RESTAURANT & SWEETS
ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜ਼ੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

# ਸੰਪਾਦਕੀ



ਮਰਿਆਦਾ ਦੀ ਉਲੰਘਣਾ ਆਖਿਰਕਾਰ ਨੁਕਸਾਨ ਵੱਲ ਧੱਕਦੀ ਹੈ।
-ਫਰੈਂਕ ਹਰਬਰਟ

## ਵਿਚਾਰੇ ਵਟਾਂਦਰੇ ਦੀ ਲੋੜ

ਭਾਰਤ ਦੇ ਕਹਿਣ ਅਨੁਸਾਰ ਕਨੇਡਾ ਵਿੱਚ ਖਾਲਿਸਤਾਨੀ ਸਰਗਰਮੀਆਂ ਅਤੇ ਕਨੇਡਾ ਵੱਲੋਂ ਭਾਰਤੀ ਏਜੰਸੀਆਂ ਦੀ ਕਨੇਡਾ ਵਿੱਚ ਦਖਲ ਅੰਦਾਜ਼ੀ ਦੇ ਦੋਸ਼ਾਂ ਕਾਰਣ ਆਮ ਲੋਕਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੁੱਦੇ ਕਾਰਨ ਹੀ ਇਸ ਸਮੇਂ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਕਸ਼ੀਦਗੀ ਆਈ ਹੋਈ ਹੈ। ਹਾਲੇ ਇਹ ਖ਼ਬਰਾਂ ਠੰਢੀਆਂ ਨਹੀਂ ਪਈਆਂ ਤੇ ਪਿਛਲੇ ਦਿਨੀਂ ਬਰਤਾਨੀਆ ਵਿੱਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੁਰਾਈਸਵਾਮੀ ਨੂੰ ਆਪਣੇ ਅਗਾਊਂ ਤੈਅ ਪ੍ਰੋਗਰਾਮ ਤਹਿਤ ਗਲਾਸਗੋ (ਸਕਾਟਲੈਂਡ) ਸਥਿੱਤ ਗੁਰਦੁਆਰੇ ਵਿੱਚ ਨਹੀਂ ਜਾਣ ਦਿੱਤਾ ਗਿਆ। ਖ਼ਾਲਿਸਤਾਨ ਪੱਖੀ ਤੱਤਾਂ ਨੇ ਉਸ ਨੂੰ ਗੁਰੂਘਰ ਵਿੱਚ ਦਾਖ਼ਲ ਹੋਣ ਤੋਂ ਰੋਕਿਆ ਅਤੇ ਉਸ ਦੀ ਕਾਰ ਉੱਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਗੜਬੜ ਕੁੱਝ 'ਅਣਪਛਾਤੇ' ਅਤੇ 'ਬੇਕਾਬੂ' ਅਨਸਰਾਂ ਵੱਲੋਂ ਕੀਤੀ ਗਈ ਹੈ। ਪ੍ਰਬੰਧਕ ਕਮੇਟੀ ਦੇ ਬਿਆਨ ਤੋਂ ਸਪੱਸ਼ਟ ਹੈ ਕਿ ਕਿਸੇ ਨੂੰ ਵੀ ਗੁਰਦੁਆਰੇ ਵਿੱਚ ਆਉਣ ਤੋਂ ਰੋਕਿਆ ਨਹੀਂ ਜਾ ਸਕਦਾ। ਗੁਰਦੁਆਰੇ ਸਿੱਖ ਧਰਮ ਦੀ ਸਾਰੇ ਭਾਈਚਾਰਿਆਂ ਨੂੰ ਕਲਾਵੇ ਵਿੱਚ ਲੈਣ ਦੀ ਮਹਾਨ ਪਰੰਪਰਾ ਦੇ ਵਾਹਕ ਹਨ। ਗੁਰਦੁਆਰਿਆਂ ਵਿੱਚ ਹਰ ਧਰਮ, ਜਾਤ, ਫ਼ਿਰਕੇ ਤੇ ਨਸਲ ਨਾਲ ਸਬੰਧਿਤ ਲੋਕ ਆਉਂਦੇ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਗੁਰਦੁਆਰੇ ਸਿੱਖ ਧਰਮ ਦੁਆਰਾ ਵਰਸੋਈਆਂ ਗਈਆਂ ਸਮਾਜਿਕ ਬਰਾਬਰੀ ਦੀਆਂ ਮਹਾਨ ਸੰਸਥਾਵਾਂ ਲੰਗਰ ਤੇ ਸੇਵਾ ਨੂੰ ਵੀ ਬਰਕਰਾਰ ਰੱਖ ਰਹੇ ਹਨ। ਇਹ ਘਟਨਾ ਪੰਜਾਬ ਵਿੱਚ ਖ਼ਾਲਿਸਤਾਨ ਪੱਖੀ ਕਾਰਕੁਨ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਹਮਾਇਤੀਆਂ ਖ਼ਿਲਾਫ਼ ਕੀਤੀ ਗਈ ਫੜੋ-ਫੜਾਈ ਤੇ ਛਾਪੇਮਾਰੀ ਦੀ ਕਾਰਵਾਈ ਦੌਰਾਨ ਲੰਡਨ ਸਥਿੱਤ ਭਾਰਤੀ ਹਾਈ ਕਮਿਸ਼ਨ ਉੱਤੇ ਹੋਏ ਹਮਲੇ ਤੋਂ ਛੇ ਮਹੀਨੇ ਬਾਅਦ ਵਾਪਰੀ ਹੈ। ਇਸੇ ਤਰ੍ਹਾਂ ਬੀਤੇ ਜੁਲਾਈ ਮਹੀਨੇ ਕੈਨੇਡਾ ਵਿੱਚ ਦੋ ਭਾਰਤੀ ਸਫ਼ੀਰਾਂ ਦੀਆਂ ਤਸਵੀਰਾਂ ਵਾਲੇ ਭੜਕਾਊ ਪੋਸਟਰ ਲਾਏ ਗਏ ਸਨ ਅਤੇ ਬਾਅਦ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਭਾਰਤੀ ਤੇ ਕੈਨੇਡੀਅਨ ਸਰਕਾਰਾਂ ਵਿਚਕਾਰ ਟਕਰਾਅ ਵਧਿਆ ਹੈ। ਇਨ੍ਹਾਂ ਘਟਨਾਵਾਂ ਕਾਰਨ ਹੀ ਭਾਰਤ ਸਰਕਾਰ ਨੂੰ ਕੈਨੇਡਾ, ਬਰਤਾਨੀਆ, ਆਸਟਰੇਲੀਆ ਅਤੇ ਅਮਰੀਕਾ ਵਰਗੇ ਮੁਲਕਾਂ ਨੂੰ ਇਹ ਕਹਿਣਾ ਪਿਆ ਹੈ ਕਿ 'ਇਹ ਕੱਟੜ ਵਿਚਾਰਧਾਰਾਵਾਂ ਸਾਡੇ ਲਈ, ਉਨ੍ਹਾਂ ਲਈ ਅਤੇ ਸਾਡੇ ਰਿਸ਼ਤਿਆਂ ਲਈ ਠੀਕ ਨਹੀਂ ਹਨ'। ਪੱਛਮੀ ਜਮਹੂਰੀਅਤਾਂ ਲਈ ਇਹੋ ਚੰਗਾ ਹੋਵੇਗਾ ਕਿ ਉਹ ਨਾ ਸਿਰਫ਼ ਭਾਰਤ ਦੀ ਇਸ ਸਲਾਹ ਵੱਲ ਕੰਨ ਕਰਨ ਸਗੋਂ ਨਾਲ ਹੀ ਬਰਤਾਨਵੀ ਸਰਕਾਰ ਦੇ ਸਾਬਕਾ ਸਲਾਹਕਾਰ ਕੌਲਨਿ ਬਲੂਮ ਵੱਲੋਂ ਪ੍ਰਗਟਾਏ ਖ਼ਦਸ਼ਿਆਂ ਉੱਤੇ ਵੀ ਗ਼ੌਰ ਕਰਨ। ਬੀਤੇ ਅਪਰੈਲ ਵਿੱਚ ਪ੍ਰਕਾਸ਼ਿਤ ਆਪਣੀ ਰਿਪੋਰਟ 'ਦਿ ਬਲੂਮ ਰੀਵਿਊ: ਡਜ਼ ਗਵਰਨਮੈਂਟ ਡੂ ਗੌਡ?' ਵਿੱਚ ਉਸ ਨੇ ਬਰਤਾਨੀਆ ਵਿੱਚ ਕੁੱਝ ਖ਼ਾਲਿਸਤਾਨ ਪੱਖੀਆਂ ਦੀਆਂ ਕਾਰਵਾਈਆਂ ਬਾਰੇ ਖ਼ਬਰਦਾਰ ਕੀਤਾ ਸੀ। ਬਰਤਾਨੀਆ ਅਤੇ ਹੋਰ ਮੁਲਕਾਂ ਨੂੰ ਅਜਿਹੇ ਤੱਤਾਂ ਖਿਲਾਫ਼ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਵੋਟ ਬੈਂਕ ਦੀ ਸਿਆਸਤ ਕਾਰਨ ਹਾਲਾਤ ਨਿੱਘਰੇ ਜ਼ਰੂਰ ਹਨ ਪਰ ਤਾਂ ਵੀ ਸ਼ਾਇਦ ਇੰਨੀ ਦੇਰ ਨਹੀਂ ਹੋਈ ਕਿ ਸਥਿੱਤੀ ਨੂੰ ਮੋੜਾ ਨਾ ਦਿੱਤਾ ਜਾ ਸਕੇ। ਅਜਿਹੀਆਂ ਘਟਨਾਵਾਂ ਬਾਰੇ ਉੱਚ ਸਫ਼ਾਰਤੀ ਪੱਧਰ 'ਤੇ ਵਿਚਾਰ-ਵਟਾਂਦਰਾ ਕਰ ਕੇ ਇਹ ਮਾਮਲੇ ਸਹਿਜਤਾ ਤੇ ਸੁਘੜਤਾ ਨਾਲ ਨਜਿੱਠਣੇ ਚਾਹੀਦੇ ਹਨ। ਹੁਣ ਭਾਰਤ ਨੇ ਕਨੇਡਾ ਦੇ ਭਾਰਤ ਵਿੱਚ ਕੰਮ ਕਰਦੇ 41 ਡਿਪਲੋਮੇਟ ਨੂੰ 10 ਅਕਤੂਬਰ 2023 ਤੱਕ ਮੁਲਕ ਵਿੱਚੋਂ ਚਲੇ ਜਾਣ ਲਈ ਆਖ ਦਿੱਤਾ ਹੈ । ਅਜਿਹਾ ਹੋਣ ਨਾਲ ਭਾਰਤ ਤੋਂ ਕਨੇਡਾ ਆਉਣ ਵਾਲੇ ਲੋਕਾਂ ਲਈ ਖਾਸ ਕਰਕੇ ਅੰਤਰਰਾਸਟਰੀ ਵਿਦਿਆਰਥੀਆਂ ਲਈ ਮੁਸਕਿਲਾਂ ਵਧਣਗੀਆਂ। ਵੱਡਿਆਂ ਦੀ ਆਪਸੀ ਘੂਰੀਆਂ ਨਾਲ ਫਾਇਦਾ ਤਾਂ ਸਾਇਦ ਵੱਡਿਆਂ ਨੂੰ ਲੁਕਵੇਂ ਢੰਗ ਨਾਲ ਹੋ ਜਾਵੇ ਪਰ ਆਮ ਲੋਕਾਂ ਦਾ ਅਜਿਹੇ ਹਾਲਾਤਾਂ ਵਿੱਚ ਬਹੁਤ ਵੱਡਾ ਨੁਕਸਾਨ ਹੋਵੇਗਾ। ਲੋੜ ਘੂਰੀਆਂ ਵੱਟਣ ਦੀ ਨਹੀਂ ਸਗੋਂ ਆਪਸੀ ਮਿਲਵਰਤਣ ਨੂੰ ਹੋਰ ਗੂੜਾ ਕਰਨ ਲਈ ਸਹਿਜ ਢੰਗ ਨਾਲ ਇੱਕ ਟੇਬਲ ਉੱਪਰ ਬੈਠਣ ਦੀ ਹੈ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਔਰਤਾਂ ਲਈ ਰਾਖਵਾਂਕਰਨ ਊਠ ਦਾ ਬੁਲ੍ਹ ਆਖ਼ਿਰ ਕਦੋਂ ਡਿਗੇਗਾ?

ਗੁਰਮੀਤ ਸਿੰਘ ਪਲਾਹੀ
-9815802070



ਔਰਤਾਂ ਲਈ ਦੇਸ਼ ਦੀ ਲੋਕ ਸਭਾ ਅਤੇ ਦੇਸ਼ ਦੀਆਂ ਵਿਧਾਨ ਸਭਾਵਾਂ ਵਿੱਚ ਰਾਖਵੇਂਕਰਨ ਉਤੇ ਪਹਿਲੀ ਵੇਰ 30 ਵਰ੍ਹੇ ਪਹਿਲਾਂ ਵਿਚਾਰ ਚਰਚਾ ਸ਼ੁਰੂ ਹੋਈ, ਪਰ ਰਾਖਵੇਂਕਰਨ ਦਾ ਵਿਚਾਰ ਹਾਲੀ ਤੱਕ ਵੀ ਵਿਚਾਰ ਬਣਿਆ ਹੀ ਨਜ਼ਰ ਆਉਂਦਾ ਹੈ, ਹਾਲਾਂਕਿ ਰਾਖਵੇਂਕਰਨ ਸਬੰਧੀ ਬਿੱਲ ਲੋਕ ਸਭਾ, ਰਾਜ ਸਭਾ ਵਿੱਚ ਪਾਸ ਵੀ ਕਰ ਦਿੱਤਾ ਗਿਆ ਹੈ।

ਕੀ ਇਹ ਕਾਨੂੰਨ 2024 ਦੀਆਂ ਚੋਣ 'ਚ ਲਾਗੂ ਹੋ ਜਾਏਗਾ? ਸਪਸ਼ਟ ਉੱਤਰ ਹੈ, "ਨਹੀਂ"। ਸਿਆਸੀ ਮਾਹਿਰਾਂ ਅਨੁਸਾਰ ਸ਼ਾਇਦ ਇਹ 2029 ਦੀਆਂ ਚੋਣਾਂ ਵੇਲੇ ਵੀ ਲਾਗੂ ਨਾ ਹੋ ਸਕੇ। ਤਾਂ ਫਿਰ ਆਖ਼ਿਰ ਲੋਕ ਸਭਾ ਦਾ ਵਿਸ਼ੇਸ਼ ਇਜਲਾਸ ਸੱਦਕੇ ਇਹ ਕਾਨੂੰਨ ਬਨਾਉਣ ਦੀ ਐਡੀ ਕਾਹਲੀ ਕਿਉਂ ਕੀਤੀ ਗਈ?

ਕੀ ਇਹ ਸਿਰਫ਼ ਤੇ ਸਿਰਫ਼ 2024 'ਚ ਭਾਜਪਾ ਵਲੋਂ ਚੋਣ ਜਿੱਤਣ ਲਈ ਔਰਤਾਂ ਦੀ ਹਮਾਇਤ ਪ੍ਰਾਪਤ ਕਰਨ ਲਈ ਇੱਕ ਜੁਮਲਾ ਤਾਂ ਨਹੀਂ? ਜਿਵੇਂ ਕਿ ਬਹੁਤੇ ਸਿਆਣੇ ਲੋਕਾਂ ਦਾ ਵਿਚਾਰ ਹੈ। ਤਾਂ ਉਤਰ ਮਿਲਣਾ ਚਾਹੀਦਾ ਹੈ, "ਹਾਂ ਇਹ ਸੱਚ ਹੈ"।

ਜੋ ਐਕਟ ਔਰਤਾਂ ਦੇ ਰਾਖਵੇਂਕਰਨ ਦਾ ਦੋਵਾਂ ਸਦਨਾਂ 'ਚ ਪਾਸ ਹੋਇਆ ਹੈ, ਉਹ ਸੰਵਿਧਾਨ ਵਿੱਚ 128 ਵੀਂ ਸੋਧ ਹੈ ਅਤੇ ਉਸ ਵਿਚ ਇਕ ਧਾਰਾ 334 ਏ ਜੋੜੀ ਗਈ ਹੈ, ਜਿਸ ਅਨੁਸਾਰ ਹੁਣ ਤੋਂ ਬਾਅਦ ਕੀਤੀ ਜਾਣ ਵਾਲੀ ਮਰਦਮਸ਼ੁਮਾਰੀ ਅਤੇ ਇਸਦੇ ਛਾਪੇ ਜਾਣ ਵਾਲੇ ਅੰਕੜਿਆਂ ਤੋਂ ਬਾਅਦ ਇਹ ਐਕਟ ਲਾਗੂ ਹੋਏਗਾ।

ਮਰਦਮਸ਼ੁਮਾਰੀ 2021 ਵਿੱਚ ਹੋਈ ਸੀ, ਉਹ ਕਰੋਨਾ ਆਫ਼ਤ ਕਾਰਨ ਹੋ ਨਹੀਂ ਸਕੀ। ਹੁਣ ਇਹ 2026 'ਚ ਕਰਾਉਣ ਦੀ ਸਰਕਾਰ ਦੀ ਕੱਚੀ-ਪੱਕੀ ਯੋਜਨਾ ਹੈ। ਇਸ ਤੋਂ ਬਾਅਦ ਦੋ ਸਾਲਾਂ 'ਚ ਅੰਕੜੇ ਤਿਆਰ ਹੋਣਗੇ, ਫਿਰ ਅੰਕੜੇ ਪ੍ਰਕਾਸ਼ਤ ਹੋਣਗੇ। ਭਾਵ 2029 ਚੋਣ ਤੋਂ ਪਹਿਲਾਂ ਮਸਾਂ ਹੀ ਇਹ ਬਿੱਲ ਪ੍ਰਭਾਵੀ ਹੋਏਗਾ, ਜੇਕਰ ਇਸ ਵਿੱਚ ਹੋਰ ਕੋਈ ਵਿਘਨ ਨਾ ਪਿਆ।

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਸਰਕਾਰ ਸਚਮੁੱਚ ਇਹ ਰਾਖਵਾਂਕਰਨ ਲਾਗੂ ਕਰਨਾ ਚਾਹੁੰਦੀ ਹੈ ਤਾਂ ਹੁਣੇ ਹੀ ਇਸ ਨੂੰ ਲਾਗੂ ਕਰਨ ਵਿੱਚ ਦਿੱਕਤ ਕੀ ਹੈ? ਪਹਿਲਾਂ ਹੀ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ 'ਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਹੈ। ਇਸ ਸਬੰਧੀ ਵੋਟਰ ਸੂਚੀਆਂ ਤੇ ਰਾਖਵਾਂਕਰਨ ਸੂਚੀਆਂ ਬਣੀਆਂ ਹੋਈਆਂ ਹਨ, ਫਿਰ ਔਰਤਾਂ ਦੇ ਲੋਕ ਸਭਾ ਤੇ ਵਿਧਾਨ ਸਭਾਵਾਂ 'ਚ 33 ਫੀਸਦੀ ਰਾਖਵਾਂਕਰਨ ਲਾਗੂ ਕਰਕੇ ਹੁਣੇ ਤੋਂ 2024 ਲੋਕ ਸਭਾ ਚੋਣਾਂ ਇਸੇ ਅਨੁਸਾਰ ਸੀਟਾਂ ਰਾਖਵੀਆਂ ਕਰਕੇ ਚੋਣ ਕਰਾਉਣ 'ਚ ਕੀ ਰੁਕਾਵਟ ਤਾਂ ਨਹੀਂ ਆਉਣੀ ਚਾਹੀਦੀ।

ਲੋਕ ਸਭਾ, ਵਿਧਾਨ ਸਭਾਵਾਂ 'ਚ ਔਰਤਾਂ ਲਈ ਰਾਖਵੇਂਕਰਨ ਲਈ ਕੀਤੇ ਯਤਨਾਂ ਦਾ ਇਤਿਹਾਸ ਵੇਖੋ, ਜਿਹੜਾ ਸਿਆਸੀ ਲੋਕਾਂ ਦੇ ਦੋਹਰੇ ਮਾਪਦੰਡ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। 12 ਦਸੰਬਰ 1996 ਨੂੰ ਪ੍ਰਧਾਨ ਮੰਤਰੀ ਦੇਵਗੌੜਾ ਸਰਕਾਰ ਵੇਲੇ ਸੰਸਦ 'ਚ 81 ਵੀਂ ਸੋਧ ਪੇਸ਼ ਕੀਤੀ ਗਈ, ਜਿਸ 'ਚ ਔਰਤਾਂ ਲਈ ਇੱਕ ਤਿਹਾਈ ਸੀਟਾਂ ਰਾਖਵੀਂਆਂ ਕਰਨ ਲਈ ਬਿੱਲ ਪੇਸ਼ ਹੋਇਆ। ਫਿਰ 9 ਮਾਰਚ 2010 ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 108 ਵੀਂ ਸੋਧ ਰਾਜ ਸਭਾ 'ਚ ਪੇਸ਼ ਕੀਤੀ, ਜਿਸਨੂੰ 108 ਹੱਕ ਵਿੱਚ ਅਤੇ ਇੱਕ ਵਿਰੋਧ 'ਚ ਵੋਟ ਨਾਲ ਪਾਸ ਕੀਤਾ ਗਿਆ। ਉਪਰੰਤ ਲੋਕ ਸਭਾ 'ਚ ਬਿੱਲ ਭੇਜ ਦਿੱਤਾ ਪਰ 15 ਵੀਂ ਲੋਕ ਸਭਾ ਭੰਗ ਹੋ ਗਈ। ਬਿੱਲ ਲਮਕਦਾ ਪਿਆ ਰਿਹਾ ਅਤੇ ਬਾਅਦ 'ਚ ਇਸ 'ਤੇ ਕੋਈ ਕਾਰਵਾਈ ਨਹੀਂ ਹੋਈ। ਫਿਰ ਆਪਣੇ ਰਾਜਕਾਲ ਦੇ 9 ਵਰ੍ਹੇ ਬਾਅਦ 18 ਸਤੰਬਰ 2023 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਔਰਤਾਂ ਲਈ 33 ਫੀਸਦੀ ਸੀਟਾਂ ਦੇ ਰਾਖਵੇਂਕਰਨ ਦਾ ਬਿੱਲ ਲੋਕ ਸਭਾ ਅਤੇ ਫਿਰ ਰਾਜ ਸਭਾ 'ਚ ਪੇਸ਼ ਕੀਤਾ ਅਤੇ ਸਰਬਸੰਮਤੀ ਨਾਲ ਇਹ ਬਿੱਲ ਪਾਸ ਹੋ ਗਿਆ। ਪਰ ਇਸ ਵਿੱਚ ਤਿੰਨ ਸ਼ਰਤਾਂ ਰੱਖੀਆਂ ਗਈਆਂ, ਜਿਹਨਾ ਵਿੱਚ ਮਰਦਮਸ਼ੁਮਾਰੀ ਮੁੱਖ ਹੈ, ਜਿਸ ਤੋਂ ਬਾਅਦ ਇਹ ਕਾਨੂੰਨ ਲਾਗੂ ਹੋ ਜਾਏਗਾ।

ਮੋਦੀ ਸਰਕਾਰ ਨੇ ਇਹ ਬਿੱਲ ਪਾਸ ਤਾਂ ਕਰਵਾ ਲਏ, ਪਰ ਇਸ ਵਿੱਚ ਜੋ ਰੁਕਾਵਟਾਂ ਲਾਗੂ ਕਰਨ ਲਈ ਲਾਜ਼ਮੀ ਹਨ, ਉਹਨਾ ਪ੍ਰਤੀ ਚੁੱਪੀ ਵੱਟੀ ਹੋਈ ਹੈ। ਪ੍ਰਧਾਨ ਮੰਤਰੀ ਨੇ ਵਾਹ-ਵਾਹ ਖੱਟਣ ਲਈ ਇਸ ਬਿੱਲ ਦੀ ਵੱਡੀ ਚਰਚਾ ਕੀਤੀ, ਪਰ ਇਹ ਦੱਸਣ ਦਾ ਯਤਨ ਨਹੀਂ ਕੀਤਾ ਕਿ ਮਰਦਮਸ਼ੁਮਾਰੀ ਕਦੋਂ ਹੋਏਗੀ? ਉਪਰੰਤ ਹੋਰ ਰੁਕਾਵਟਾਂ ਕਦੋਂ ਦੂਰ ਹੋਣਗੀਆਂ। ਭਾਵ ਕੋਈ ਸਮਾਂ ਸੀਮਾਂ ਤਹਿ ਕਰਨ ਲਈ ਸਰਕਾਰ ਵਲੋਂ ਕੋਈ ਬਚਨ, ਕੋਈ ਬਿਆਨ ਨਹੀਂ ਦਿੱਤਾ ਅਤੇ ਨਾ ਹੀ ਇਹ ਕਾਨੂੰਨ ਤੁਰੰਤ ਲਾਗੂ ਕਰਨ ਲਈ ਕੋਈ ਆਪਣੀ ਇਛਾ ਸ਼ਕਤੀ ਪ੍ਰਗਟ ਕੀਤੀ ਗਈ ਹੈ।

ਸਥਾਨਕ ਸਰਕਾਰ ਭਾਵ ਪੰਚਾਇਤਾਂ 'ਚ ਔਰਤਾਂ ਦੇ 33 ਪੀਸਦੀ ਰਾਖਵੇਂਕਰਨ ਲਈ ਪ੍ਰਧਾਨ ਮੰਤਰੀ ਰਜੀਵ ਗਾਂਧੀ ਅਤੇ ਪ੍ਰਧਾਨ ਮੰਤਰੀ ਨਰਸਿੰਮਹਾ ਰਾਉ ਨੇ ਬਿੱਲ ਪਾਸ ਕਰਵਾਏ, ਕਾਨੂੰਨ ਬਣਾਏ ਸਨ ਅਤੇ ਇਹ ਤੁਰੰਤ ਲਾਗੂ ਹੋ ਗਏ ਸਨ ਜਿਸਦੀ ਬਦੌਲਤ 1,30,000 ਔਰਤਾਂ ਪੰਚਾਇਤਾਂ, ਨਗਰਪਾਲਿਕਾ, ਨਗਰ ਨਿਗਮਾਂ 'ਚ ਰਾਖਵਾਂਕਰਨ ਲੈ ਰਹੀਆਂ ਹਨ।

ਜੇਕਰ ਸੱਚੀ ਮੁੱਚੀ ਮੌਜੂਦਾ ਸਰਕਾਰ ਔਰਤਾਂ ਦੇ ਹਾਲਾਤ ਸੁਧਾਰਨ ਬਾਰੇ, ਉਹਨਾ ਨੂੰ ਸਿਆਸਤ ਵਿੱਚ ਵੱਡਾ ਭਾਈਵਾਲ ਬਨਾਉਣ ਬਾਰੇ ਚਿੰਤਤ ਹੈ, ਤਾਂ ਰਾਖਵੇਂਕਰਨ ਦੇ ਮਾਮਲੇ 'ਚ ਤੁਰੰਤ ਕਦਮ ਪੁੱਟੇ ਜਾਣ ਦੀ ਲੋੜ ਇਸ ਵੇਲੇ ਹੋਰ ਵੀ ਵਧੇਰੇ ਮਹਿਸੂਸ ਕੀਤੀ ਜਾ ਰਹੀ ਹੈ, ਜਦੋਂ ਕਿ ਉਹਨਾ ਨੂੰ ਲੋਕ ਸਭਾ, ਵਿਧਾਨ ਸਭਾਵਾਂ ਵਿੱਚ ਸਿਆਸੀ ਪਾਰਟੀਆਂ ਵਲੋਂ ਸਹੀ ਸਥਾਨ ਦੇਕੇ ਚੋਣਾਂ ਨਹੀਂ ਲੜਾਈਆਂ ਜਾ ਰਹੀਆਂ, ਕਿਉਂਕਿ ਲਗਭਗ ਸਾਰੀਆਂ ਸਿਆਸੀ ਧਿਰਾਂ ਤਾਕਤ ਪ੍ਰਾਪਤੀ ਲਈ ਧੰਨ ਕੁਬੇਰਾਂ ਅਤੇ ਅਪਰਾਧਿਕ ਪਿੱਠ ਭੂਮੀ ਵਾਲੇ ਬਾਹੂਵਲੀ ਲੋਕਾਂ ਨੂੰ ਟਿਕਟਾਂ ਦੇਕੇ (ਇੱਕ ਰਿਪੋਰਟ ਅਨੁਸਾਰ ਇਕੱਲੀ ਭਾਰਤੀ ਲੋਕ ਸਭਾ ਵਿੱਚ 45 ਫੀਸਦੀ ਤੋਂ ਵੱਧ ਮੈਂਬਰ ਪਾਰਲੀਮੈਂਟ ਬੈਠੇ ਹਨ, ਜਿਹਨਾ ਵਿਰੁੱਧ ਅਪਰਾਧਿਕ, ਗੰਭੀਰ ਅਪਰਾਧਿਕ ਮਾਮਲੇ ਦਰਜ਼ ਹਨ) ਚੋਣਾਂ ਜਿੱਤ ਦੀਆਂ ਹਨ। ਇਹ ਚੰਗੀ ਗੱਲ ਹੈ ਕਿ ਅਪਰਾਧਿਕ ਮਾਮਲਿਆਂ ਵਾਲੀ ਪਿੱਠਭੂਮੀ ਵਾਲੀਆਂ ਔਰਤਾਂ ਇਸ ਗਿਣਤੀ-ਮਿਣਤੀ ਵਿੱਚ ਸ਼ਾਮਲ ਨਹੀਂ ਹਨ।




ਔਰਤਾਂ ਲਈ ਰਾਖਵਾਂਕਰਨ ਆਖ਼ਰ ਜ਼ਰੂਰੀ ਕਿਉਂ ਹੈ। ਭਾਰਤੀ ਸਮਾਜ ਵਿੱਚ ਔਰਤਾਂ ਦੀ ਗਿਣਤੀ ਲਗਭਗ ਅੱਧੀ ਹੈ। 75 ਸਾਲਾਂ ਵਿੱਚ 7500 ਮੈਂਬਰ ਪਾਰਲੀਮੈਂਟ ਚੁਣੇ ਗਏ, ਜਿਹਨਾ ਵਿਚੋਂ ਮੌਜੂਦਾ 542 ਲੋਕ ਸਭਾ ਮੈਂਬਰਾਂ ਵਿੱਚ ਸਿਰਫ਼ 78 ਔਰਤਾਂ ਹਨ। ਰਾਜ ਸਭਾ ਵਿੱਚ ਤਾਂ ਸਿਰਫ਼ 24 ਹਨ। ਪਰ ਦੇਸ਼ ਦੀ ਨੀਤੀ ਨਿਰਧਾਰਣ 'ਚ ਉਹਨਾ ਦੀ ਭੂਮਿਕਾ ਨਾਂਹ ਦੇ ਬਰਾਬਰ ਹੈ। ਅਸਲ 'ਚ ਭਾਰਤੀ ਸਮਾਜ ਵਿੱਚ ਔਰਤਾਂ ਨੂੰ ਸਮਾਜਿਕ ਅਤੇ ਸੰਸਕ੍ਰਿਤਕ ਜ਼ੁੰਮੇਵਾਰੀਆਂ ਦੇਕੇ ਘਰਾਂ ਤੱਕ ਸੀਮਤ ਕੀਤਾ ਹੋਇਆ ਹੈ। ਇਥੇ ਹੀ ਔਰਤਾਂ ਨਾਲ ਨਾ-ਬਰਾਬਰੀ ਸ਼ੁਰੂ ਹੁੰਦੀ ਹੈ।

ਆਓ ਭਾਰਤ ਦੇ ਪਿਛੋਕੜ ਅਤੇ ਇਸ ਸਮਾਜ ਵਿੱਚ ਔਰਤਾਂ ਦੀ ਸਥਿਤੀ 'ਤੇ ਝਾਤ ਮਾਰੀਏ। ਆਦਮ ਯੁੱਗ ਵਿੱਚ ਔਰਤ ਪ੍ਰਧਾਨ ਸਮਾਜ ਸੀ, ਜਿਸ ਵਿੱਚ ਨਾਰੀ ਦੀ ਦਸ਼ਾ ਸੁਖਾਲੀ ਸੀ। ਵੈਦਿਕ ਯੁੱਗ ਵਿੱਚ ਨਾਰੀ ਨੂੰ ਸਮਾਨਤਾ ਦੇ ਅਧਿਕਾਰ ਸਨ। ਵੈਦਿਕ ਯੁੱਗ ਤੋਂ ਬਾਅਦ ਉੱਤਰ ਵੈਦਿਕ ਯੁੱਗ 'ਚ ਨਾਰੀ ਦੀ ਸਥਿਤੀ ਵਿੱਚ ਗਿਰਾਵਟ ਆਉਣੀ ਸ਼ੁਰੂ ਹੋਈ। ਬ੍ਰਾਹਮਣਵਾਦ ਦਾ ਜੋਰ ਵਧਿਆ। ਜਾਤਪਾਤ ਦਾ ਸੰਕਲਪ ਆਇਆ, ਇਸ ਉਪਰੰਤ ਨਾਰੀ ਦੀ ਦਸ਼ਾ ਤਰਸਯੋਗ ਹੋ ਗਈ। ਮਨੂਸਮ੍ਰਿਤੀ ਅਨੁਸਾਰ ਨਾਰੀ ਸਭ ਕਸ਼ਟਾਂ ਦਾ ਕਾਰਨ ਹੈ, ਨਾਰੀ ਦਾ ਬਚਪਨ ਪਿਤਾ ਅਧੀਨ, ਜਵਾਨੀ ਪਤੀ ਅਧੀਨ ਅਤੇ ਬੁਢਾਪਾ ਪੁੱਤਰ ਅਧੀਨ ਰਹਿਣਾ ਚਾਹੀਦਾ ਹੈ। ਇਸਤਰੀ ਨੂੰ ਕਿਸੇ ਵੀ ਪੜ੍ਹਾਅ ਤੇ ਸੁਤੰਤਰ ਨਹੀਂ ਹੋਣਾ ਚਾਹੀਦਾ।

ਆਜ਼ਾਦੀ ਦੇ ਬਾਅਦ ਇਹ ਸੰਕਲਪ ਟੁੱਟਾ ਹੈ। ਪਰ ਹਾਲੇ ਵੀ ਮਰਦ ਪ੍ਰਧਾਨ ਸਮਾਜ 'ਚ ਉਹ ਤਕਲੀਫਾਂ- ਦੁੱਖਾਂ ਦੇ ਪਹਾੜ ਸਿਰ ਤੇ ਚੁੱਕੀ ਬੈਠੀ ਹੈ। ਉਸਦੀ ਸਮਾਜਿਕ ਅਤੇ ਆਰਥਿਕ ਸਥਿਤੀ ਸੁਖਾਵੀਂ ਨਹੀਂ ਹੈ। ਹੇਠਲੀ ਸਮਾਜਿਕ ਸਥਿਤੀ 'ਚ ਔਰਤਾਂ ਘਰਾਂ ਵਿੱਚ ਬੰਨ੍ਹਕੇ ਹੀ ਰੱਖੀਆਂ ਹੋਈਆਂ ਹਨ। ਉਹ ਬੱਚਿਆਂ ਦੀ ਦੇਖਭਾਲ ਕਰਦੀਆਂ ਹਨ। ਪੜ੍ਹ ਲਿਖਕੇ ਵੀ ਘਰੇਲੂ ਜ਼ੁੰਮੇਵਾਰੀ ਤੱਕ ਸੀਮਤ ਕਰ ਦਿੱਤੀਆਂ ਜਾਂਦੀਆਂ ਹਨ, ਜੋ ਉਹਨਾ ਦੀ ਸਿਆਸੀ ਖੇਤਰ 'ਚ ਜਾਣ 'ਚ ਵੱਡੀ ਰੁਕਾਵਟ ਹੈ।

ਬਿਨ੍ਹਾਂ ਸ਼ੱਕ ਔਰਤ ਨੂੰ ਮਰਦਾਂ ਬਰੋਬਰ ਹੱਕ ਹਨ। ਪਰ ਇਹਨਾ ਹੱਕਾਂ ਦੇ ਮਿਲਣ ਬਾਅਦ ਵੀ ਉਹਨਾ ਨੂੰ ਨਾ ਜ਼ਮੀਨ ਜਾਇਦਾਦ 'ਚ ਬਰਾਬਰ ਦਾ ਹੱਕ ਹੈ ਅਤੇ ਨਾ ਹੀ ਪੜ੍ਹਾਈ ਕਰਨ ਲਈ ਭਰਾਵਾਂ ਬਰਾਬਰ ਹੱਕ।

ਪਰ ਜਿਹੜੇ ਹੱਕ ਔਰਤਾਂ ਨੂੰ ਮਿਲਣੇ ਚਾਹੀਦੇ ਹਨ, ਉਹ ਔਰਤਾਂ ਹੀ ਜਾਣ ਸਕਦੀਆ ਹਨ, ਔਰਤਾਂ ਲਈ ਲੋਕ ਸਭਾ, ਵਿਧਾਨ ਸਭਾਵਾਂ 'ਚ ਲਈ ਬਣਾਏ ਕਾਨੂੰਨ ਸਬੰਧੀ ਸਿਆਸੀ ਧਿਰਾਂ ਵਲੋਂ ਵੱਖੋ-ਵੱਖਰੇ ਸਵਾਲ ਵੀ ਉਠਾਏ ਜਾ ਰਹੇ ਹਨ ਭਾਵੇਂ ਕਿ ਸਿਆਸੀ ਧਿਰਾਂ ਵਲੋਂ ਇਸ ਕਾਨੂੰਨ ਨੂੰ ਵੱਡਾ ਸਮਰਥਨ ਮਿਲਿਆ ਹੈ। ਲੋਕ ਸਭਾ, ਵਿਧਾਨ ਸਭ ਸੀਟਾਂ ਵਿੱਚ ਐਸ.ਸੀ. ਵਰਗ ਲਈ ਰਾਖਵਾਂਕਰਨ ਹੈ ਪਰ ਸਿਆਸੀ ਧਿਰਾਂ ਓ.ਬੀ.ਸੀ. ਲਈ ਰਾਖਵਾਂਕਰਨ ਮੰਗ ਰਹੀਆਂ ਹਨ।

ਬਿਨ੍ਹਾਂ ਸ਼ੱਕ ਇਸ ਨਾਲ ਸਮਾਜ ਦੇ ਹੇਠਲੇ ਵਰਗ ਵਿਚੋਂ ਔਰਤਾਂ ਚੁਣੀਆਂ ਜਾਣਗੀਆਂ। ਪਰ ਜਿਸ ਢੰਗ ਨਾਲ ਦੇਸ਼ ਵਿੱਚ ਨੌਕਰੀਆਂ 'ਚ ਰਾਖਵੇਂਕਰਨ ਕਾਰਨ ਕੁਝ ਉਪਰਲੇ ਚੁਣਿੰਦਾ ਐਸ.ਸੀ. ਐਸ. ਟੀ ਵਰਗ ਦੇ ਲੋਕ ਫਾਇਦਾ ਚੁੱਕ ਲੈਂਦੇ ਹਨ, ਆਪ ਲੋਕਾਂ ਤੱਕ ਰਿਜ਼ਰਵੇਸ਼ਨ ਦੇ ਫਾਇਦੇ ਤੇ ਸਹੂਲਤਾਂ ਪੁੱਜਦੀਆਂ ਹੀ ਨਹੀਂ, ਇਸ ਨਾਲ ਰਿਜ਼ਰਵੇਸ਼ਨ ਵੀ ਇੱਕ ਕਾਲੀਨ ਵਰਗ ਪੈਦਾ ਨਾ ਹੋ ਜਾਏ, ਜੋ ਆਪਣੇ ਹਿੱਤਾਂ ਤੱਕ ਹੀ ਸੀਮਤ ਹੋ ਜਾਏ, ਇਸਦਾ ਵੀ ਡਰ ਹੈ।

ਸਵਾਲ ਤਾਂ ਇਹ ਹੈ ਕਿ ਇਹ ਕਾਨੂੰਨ ਲਾਗੂ ਕਦੋਂ ਹੋਏਗਾ? ਕੀ ਇਹ ਕਾਨੂੰਨੀ ਪਚੀਦਗੀਆਂ ਵਿੱਚ ਹੀ ਤਾਂ ਨਹੀਂ ਰੁਲ ਜਾਏਗਾ? ਕੀ ਇਹ ਚੋਣ ਜੁਮਲਾ ਹੀ ਤਾਂ ਨਹੀਂ ਬਣਕੇ ਰਹਿ ਜਾਏਗਾ? ਕੀ ਸਰਕਾਰ ਇਸਨੂੰ ਲਾਗੂ ਕਰਨ ਲਈ ਸੰਜੀਦਾ ਹੋਏਗੀ?

ਜਾਂ ਫਿਰ ਕੀ ਇਹ ਊਠ ਦਾ ਬੁਲ੍ਹ ਬਣਕੇ ਰਹਿ ਜਾਏਗਾ, ਜਿਸ ਬਾਰੇ ਆਮ ਤੌਰ 'ਤੇ ਕਹਿ ਲਿਆ ਜਾਂਦਾ ਹੈ ਕਿ ਜਦੋਂ ਊਠ ਜੁਗਾਲੀ ਕਰਦਾ ਹੈ ਤਾਂ ਮੰਨਿਆ ਜਾਂਦਾ ਹੈ ਕਿ ਬੁਲ੍ਹ ਹੁਣ ਵੀ ਡਿਗਿਆ, ਹੁਣ ਵੀ ਡਿਗਿਆ, ਪਰ ਡਿਗਦਾ ਉਹ ਕਦੇ ਵੀ ਨਹੀਂ।

# ਕੈਨੇਡਾ - ਭਾਰਤ ਰਿਸ਼ਤਿਆਂ ਵਿੱਚ ਦਰਾੜ: ਆਮ ਲੋਕ ਪਰੇਸ਼ਾਨ






ਅੰਗਰੇਜ਼ੀ ਦੀ ਇਕ ਕਹਾਵਤ ਹੈ - ਜਦੋਂ ਦੋ ਹਾਥੀ ਲੜਦੇ ਹਨ ਤਾਂ ਘਾਹ ਮਿੱਧਿਆ ਹੀ ਜਾਂਦਾ ਹੈ। ਇਸ ਦਾ ਪੰਜਾਬੀ ਰੂਪਾਂਤਰ ਹੈ - 'ਸਾਨ੍ਹਾਂ ਦੇ ਭੇੜ ਵਿੱਚ ਬੂਝਿਆਂ ਦਾ ਨਾਸ'! ਦੋ ਵੱਡੀਆਂ ਲੋਕਤੰਤਰੀ ਤਾਕਤਾਂ ਦੀ ਲੜਾਈ ਵਿੱਚ ਆਮ ਲੋਕ ਪਰੇਸ਼ਾਨ ਹਨ। ਜਿਹਨਾਂ ਨੇ ਕਦੀ ਵੀ ਨਹੀਂ ਚਾਹਿਆ ਸੀ ਕਿ ਇਹਨਾਂ ਦੇ ਰਿਸ਼ਤਿਆਂ ਵਿੱਚ ਵਿਗਾੜ ਆਵੇ, ਉਹੀ ਲੋਕ ਪਰੇਸ਼ਾਨ ਹਨ।

ਹਰ ਸਾਲ ਸਤੰਬਰ-ਅਕਤੂਬਰ ਤੋਂ ਜਨਵਰੀ-ਫਰਬਰੀ ਦਰਮਿਆਨ ਹਜ਼ਾਰਾਂ ਭਾਰਤੀ ਮੂਲ ਦੇ ਕੈਨੇਡੀਅਨ ਲੋਕ ਭਾਰਤ ਯਾਤਰਾ ਤੇ ਜਾਂਦੇ ਹਨ। ਇਹ ਵਿਆਹਾਂ ਦਾ ਸੀਜ਼ਨ ਵੀ ਹੁੰਦਾ ਹੈ ਤੇ ਰਬੀ-ਖ਼ਰੀਫ਼ ਦੀਆਂ ਫਸਲਾਂ ਦੀ ਕਟਾਈ-ਵਿਕਰੀ ਮਗਰੋਂ ਮਾਲੀਆਂ ਇੱਕਠਾ ਕਰਨ ਦਾ ਸਮਾਂ ਵੀ ਹੁੰਦਾ ਹੈ। ਖੇਤੀ ਜ਼ਮੀਨਾਂ ਨਵੇਂ ਸਿਰਿਓਂ ਠੇਕੇ 'ਤੇ ਚਾੜ੍ਹਣ ਦਾ ਮੌਕਾ ਵੀ ਹੁੰਦਾ ਹੈ। ਬੈਂਕਾਂ ਨੂੰ 'ਲਾਇਵ ਸਰਟੀਫਿਕੇਟ' ਚਾਹੀਦੇ ਹੁੰਦੇ ਹੁੰਦੇ ਹਨ ਤਾਂ ਕਿ ਪੈਨਸ਼ਨਾਂ ਦਾ ਸਮੇਂ ਸਿਰ ਭੁਗਤਾਨ ਹੋ ਸਕੇ। ਮਾਪਿਆਂ ਤੇ ਅੱਗੋਂ ਉਹਨਾਂ ਦੇ ਮਾਪਿਆਂ ਨੂੰ ਮਿਲਣ ਦੀ ਤਾਂਘ ਵੀ ਹੁੰਦੀ ਹੈ।

ਭਾਰਤ ਸਰਕਾਰ ਨੇ ਵੀਜ਼ੇ ਦੇਣ 'ਤੇ ਪਾਬੰਦੀ ਲਗਾ ਦਿੱਤੀ ਹੈ। ਜਿਹਨਾਂ ਲੋਕਾਂ ਨੇ ਹਵਾਈ ਟਿਕਟਾਂ ਲੈ ਲਈਆਂ ਸਨ ਤੇ ਵੀਜ਼ਿਆਂ ਦਾ ਪ੍ਰਬੰਧ ਅਜੇ ਕਰਨਾ ਸੀ, ਉਹਨਾਂ ਦੇ ਸਾਰੇ ਪਲੈਨ ਧਰੇ-ਧਰਾਏ ਜਾਂ ਬਣੇ-ਬਣਾਏ ਰਹਿ ਗਏ ਹਨ। ਜਿਹਨਾਂ ਕੋਲ ਵੀਜ਼ੇ ਪਹਿਲਾਂ ਹੀ ਹੈਗੇ ਨੇ ਜਾਂ ਜਿਹਨਾਂ ਕੋਲ ਓਵਰਸੀਜ਼ ਸਿਟਿਜ਼ਨ ਔਫ਼ ਇੰਡੀਆ (ਓ.ਸੀ.ਆਈ.) ਕਾਰਡ ਹੈਗੇ ਨੇ, ਉਹਨਾਂ ਨੂੰ ਤਾਂ ਭਾਰਤ ਜਾਣ ਵਿੱਚ ਕੋਈ ਦਿੱਕਤ ਨਹੀਂ ਪਰ ਨਵੇਂ ਵੀਜ਼ੇ ਲੈ ਕੇ ਜਾਣ ਵਾਲਿਆਂ ਲਈ ਸਮੱਸਿਆ ਵਧ ਗਈ ਹੈ। ਹੁਣ ਲੋਕਾਂ ਨੇ ਓ.ਸੀ.ਆਈ. ਕਾਰਡਾਂ ਲਈ ਦਰਖਾਸਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਲੰਬੀਆਂ ਲਾਇਨਾਂ ਲੱਗਣ ਲੱਗ ਪਈਆਂ ਹਨ।

ਉੱਧਰ ਭਾਰਤ ਸਰਕਾਰ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡ ਲਏ ਹਨ। ਓ.ਸੀ.ਆਈ. ਕਾਰਡ ਲਈ ਰਜਿਸਟ੍ਰੇਸ਼ਨ ਕਰਵਾਉਣੀ ਪੈਂਦੀ ਹੈ। ਇਕ ਤਾਂ ਬਿਨੈਕਾਰ ਦੀ ਤਾਜ਼ਾ ਤਰੀਨ ਫੋਟੋ ਮਿਲ ਜਾਵੇਗੀ, ਭਾਰਤ ਵਿੱਚ ਉਸ ਦੇ ਘਰ-ਪਰਿਵਾਰ ਦਾ ਪੂਰਾ ਪਤਾ ਮਿਲ ਜਾਵੇਗਾ, ਕੈਨੇਡਾ ਵਿੱਚ ਉਸ ਦੀ ਰਿਹਾਇਸ਼, ਸਿਟਿਜ਼ਨਸ਼ਿਪ, ਪਾਸਪੋਰਟ ਆਦਿ ਦੀ ਪੂਰੀ ਜਾਣਕਾਰੀ ਮਿਲ ਜਾਵੇਗੀ। ਭਾਰਤ ਸਰਕਾਰ ਸੋਸ਼ਲ ਮੀਡੀਆ ਉੱਪਰ ਪਹਿਲਾਂ ਹੀ ਨਜ਼ਰ ਰੱਖੀ ਬੈਠੀ ਹੈ ਤੇ ਇਹ ਸਭ ਡੇਟਾ (ਅੰਕੜੇ) ਉਸ ਲਈ ਉਹਨਾਂ ਲੋਕਾਂ ਉਪਰ ਨਜ਼ਰ ਰੱਖਣ ਵਿੱਚ ਸਹਾਈ ਹੋਵੇਗਾ ਜਿਹਨਾਂ ਬਾਰੇ (ਭਾਰਤ) ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦਾ ਸ਼ੱਕ ਹੈ।

ਜਿਸ ਤਰ੍ਹਾਂ ਭਾਰਤ ਨੇ ਕੁਝ ਲੋਕਾਂ ਦੀ ਜ਼ਮੀਨ ਕੁਰਕ ਕਰਨ ਦਾ ਕੰਮ ਸ਼ੁਰੂ ਕੀਤਾ ਹੈ, ਓ.ਸੀ.ਆਈ. ਕਾਰਡਾਂ ਨਾਲ ਉਹ ਹੋਰ ਵੀ ਅਸਾਨ ਹੋ ਜਾਵੇਗਾ ਤੇ ਉਹਨਾਂ ਦੀ ਮੌਜੂਦਾ (ਭਾਰਤੀ ਤੇ ਵਿਦੇਸ਼ੀ) ਰਿਹਾਇਸ਼ ਬਾਰੇ ਵੀ ਜਾਣਕਾਰੀ ਮਿਲ ਸਕੇਗੀ।



ਕਿੰਨੇ ਐਨ.ਆਰ.ਆਈ. ਕਿੱਥੇ ਰਹਿੰਦੇ ਹਨ, ਇਸ ਦੇ ਅੰਕੜੇ ਵੀ ਇਕੱਠੇ ਹੋ ਜਾਣਗੇ। ਦੂਜੇ ਪਾਸੇ, ਭਾਰਤ ਬਹੁਤ ਵੱਡੀ ਮੰਡੀ ਅਤੇ ਵਿਕਾਸਸ਼ੀਲ ਅਰਥਚਾਰਾ ਹੋਣ ਕਰਕੇ ਸਾਰੇ ਵੱਡੇ ਮੁਲਕਾਂ ਲਈ ਖਿਚ੍ਹ ਦਾ ਕੇਂਦਰ ਹੈ। ਇੰਗਲੈਂਡ, ਅਮਰੀਕਾ, ਆਸਟ੍ਰੇਲੀਆ ਤੇ ਨਿਉਜ਼ੀਲੈਂਡ - 'ਫਾਇਵ-ਆਈਜ਼' - ਮੁਲਕਾਂ ਨੇ ਕੈਨੇਡਾ ਦਾ ਉਸ ਪੱਧਰ 'ਤੇ ਸਾਥ ਨਹੀਂ ਦਿੱਤਾ, ਜਿਸ ਦੀ ਉਸ ਨੂੰ ਆਸ ਸੀ। ਭਾਰਤੀ ਏਜੰਸੀਆਂ ਉੱਪਰ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਜਰ ਦੇ ਕਤਲ ਦਾ ਦੋਸ਼ ਮੜ੍ਹ ਕੇ ਕੈਨੇਡਾ ਸੰਸਾਰਕ ਪੱਧਰ 'ਤੇ ਅਲੱਗ-ਥਲੱਗ ਹੀ ਪਿਆ ਹੈ।

ਜੇ ਹੁਣ ਕੈਨੇਡਾ, ਭਾਰਤ ਨੂੰ ਇਹਨਾਂ 'ਭਰੋਸੇਯੋਗ ਦੋਸ਼ਾਂ' ਦੇ ਸਬੂਤ ਦਿੰਦਾ ਹੈ ਤਾਂ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਮਰਥਕਾਂ ਲਈ ਇਹ ਦਾਵਾ ਕਰਨਾ ਅਸਾਨ ਹੋ ਜਾਵੇਗਾ ਕਿ ਖਾਲਿਸਤਾਨੀਆਂ ਲਈ ਭਾਰਤ ਸਰਕਾਰ ਕਿੰਨੀ ਸਖ਼ਤ ਹੈ ਕਿ ਦੂਜੇ ਮੁਲਕ ਵਿੱਚ ਜਾ ਕੇ ਵੀ ਅਜਿਹੇ ਲੋਕਾਂ ਨੂੰ 'ਸਬਕ' ਸਿਖਾ ਸਕਦੀ ਹੈ। ਇਸ ਦਾ ਲਾਭ ਮੋਦੀ ਤੇ ਉਸ ਦੀ ਪਾਰਟੀ ਨੂੰ ਅਗਲੀਆਂ ਲੋਕ-ਸਭਾ ਚੋਣਾਂ ਵਿੱਚ ਮਿਲ ਸਕਦਾ ਹੈ। ਜੇ ਕੈਨੇਡਾ, ਸਬੂਤ ਮੁਹਈਆ ਨਹੀਂ ਕਰਵਾਉਂਦਾ ਤਾਂ ਵੀ ਇਹੀ ਲੋਕ ਇਸ ਨੂੰ ਇਹ ਕਹਿ ਕੇ ਪ੍ਰਚਾਰਣਗੇ ਕਿ ਮੋਦੀ ਸਰਕਾਰ ਨੂੰ ਬਦਨਾਮ ਕਰਨ ਵਾਸਤੇ ਅਤੇ ਕੈਨੇਡਾ ਵਿਚ ਆਪਣੀ ਪਤਲੀ ਹੁੰਦੀ ਜਾ ਰਹੀ ਰਾਜਨੀਤਕ ਹਾਲਤ ਤੋਂ ਕਨੇਡੀਅਨ ਲੋਕਾਂ ਦਾ ਧਿਆਨ ਭਟਕਾਉਣ ਵਾਸਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਬਿਆਨ ਦਾਗ਼ਿਆ ਸੀ। ਕੈਨੇਡਾ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਜਗਮੀਤ ਸਿੰਘ ਦੀ ਐਨਡੀਪੀ ਤੋਂ ਤੋੜਣ ਵਾਸਤੇ ਜਸਟਿਨ ਟਰੂਡੋ ਨੇ ਇਹ ਪੈਂਤੜਾ ਮੱਲਿਆ ਹੈ ਕਹਿ ਕੇ ਭਾਰਤੀ ਮੀਡੀਆ ਆਪਣਾ ਪ੍ਰਚਾਰ ਕਰ ਚੁੱਕਿਆ ਹੈ।ਜਿਹਨਾਂ ਲੋਕਾਂ ਨੂੰ ਹੁਣ ਵੀਜ਼ੇ ਨਾ ਮਿਲਣ ਕਰਕੇ ਦਿੱਕਤਾਂ ਦਾ ਸਾਹਮਣਾ ਹੈ, ਉਹ ਜਸਟਿਨ ਟਰੂਡੋ ਤੋਂ ਵੀ ਤੰਗ ਹਨ ਤੇ ਖਾਲਿਸਤਾਨੀਆਂ ਤੋਂ ਵੀ...ਕਿਉਂਕਿ ਉਹਨਾਂ ਨੂੰ ਲੱਗਦਾ ਹੈ ਇਹਨਾਂ ਦੋਵਾਂ ਨੇ ਹੀ ਉਹਨਾਂ ਦਾ ਕੰਮ ਵਿਗਾੜਿਆ ਹੈ। ਖੈਰ! ਇਹ ਦਰਾੜ ਹੁਣ ਛੇਤੀ ਭਰਦੀ ਨਜ਼ਰ ਨਹੀਂ ਆਉਂਦੀ ਤੇ ਦੋਵਾਂ ਦੇਸ਼ਾਂ ਦੇ ਵਖਰੇਵਿਆਂ ਦਾ ਅਸਰ ਲੋਕਾਂ ਉੱਪਰ ਬਹੁਤ ਜ਼ਿਆਦਾ ਪੈ ਰਿਹਾ ਹੈ ਜਿਸ ਦਾ ਕੋਈ ਹੱਲ ਫਿਲਹਾਲ ਤਾਂ ਨਜ਼ਰ ਨਹੀਂ ਆ ਰਿਹਾ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
780-258-5800
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca




ਬਲਰਾਜ ਸਿੰਘ ਸਿੱਧੂ ਕਮਾਂਡੈਂਟ
9501100062



ਕੁਝ ਪੰਜਾਬੀ ਗਾਇਕਾਂ ਅਤੇ ਫਿਲਮ ਨਿਰਮਾਤਾਵਾਂ ਵੱਲੋਂ ਸ਼ੁਰੂ ਕੀਤੀ ਜੱਟਵਾਦ ਦੀ ਬਿਮਾਰੀ ਕਾਰਨ ਪੰਜਾਬ ਵਿੱਚ ਹਿੰਸਕ ਗਾਣਿਆਂ, ਗੈਂਗਸਟਰਾਂ ਅਤੇ ਲੜਾਈ ਝਗੜਿਆਂ ਦਾ ਹੜ੍ਹ ਆ ਗਿਆ ਹੈ। ਸਿਰਫ ਪੈਸੇ ਕਮਾਉਣ ਦੀ ਖਾਤਰ ਫੁਕਰੇ ਗਾਇਕਾਂ ਦੇ ਅੱਗ ਲਾਊ ਗਾਣੇ ਸੁਣ ਕੇ ਇਸ ਤਰਾਂ ਲੱਗਦਾ ਹੈ ਜਿਵੇਂ ਜੱਟਾਂ ਨੂੰ ਬੰਦੇ ਵੱਢਣ ਜਾਂ ਮਾਸ਼ੂਕਾ ਉਧਾਲਣ ਤੋਂ ਸਿਵਾ ਹੋਰ ਕੋਈ ਕੰਮ ਹੀ ਨਹੀਂ ਰਹਿ ਗਿਆ। ਜੱਟ ਨੂੰ ਬੇਹੱਦ ਖੂੰਖਾਰ, ਬਦਲੇਖੋਰ ਅਤੇ ਲੱਥੀ ਚੜ੍ਹੀ ਤੋਂ ਬੇਪ੍ਰਵਾਹ ਇਨਸਾਨ ਦਿਖਾਇਆ ਜਾਂਦਾ ਹੈ। ਇਨ੍ਹਾਂ ਕੱਚ ਘਰੜ ਗਾਇਕਾਂ ਨੇ ਤਾਂ ਸਾਰੇ ਜੱਟ ਗੁੰਡੇ ਹੀ ਬਣਾ ਕੇ ਰੱਖ ਦਿੱਤੇ ਹਨ। 100% ਗਵੱਈਏ ਜੱਟਾਂ ਦੇ ਅਸਲ ਹਾਲਾਤ ਤੋਂ ਅਣਜਾਣ ਹਨ। ਕਿਸਾਨੀ ਦੀ ਹਾਲਤ ਇਹ ਹੈ ਕਿ ਜੇ ਫਸਲ ਸਹੀ ਸਲਾਮਤ ਸਿਰੇ ਚੜ੍ਹ ਜਾਵੇ ਤਾਂ ਵਿਕਦੀ ਨਹੀਂ ਤੇ ਜੇ ਵਿਕ ਜਾਵੇ ਤਾਂ ਵਾਜਿਬ ਰੇਟ ਨਹੀਂ ਮਿਲਦੇ। ਆੜ੍ਹਤੀ ਤੇ ਬੈਂਕਾਂ ਮਨਮਰਜ਼ੀ ਦੇ ਚਕਰਵਰਤੀ ਵਿਆਜ਼ ਠੋਕਦੇ ਹਨ। ਫਸਲ ਨੂੰ ਕਦੇ ਮੌਸਮ ਦੀ ਮਾਰ ਪੈ ਜਾਂਦੀ, ਕਦੇ ਬਿਮਾਰੀਆਂ ਤੇ ਕਦੇ ਕੀੜਿਆਂ ਦੀ। ਆਮ ਤੌਰ 'ਤੇ ਦੂਸਰੀ ਜਾਂ ਤੀਸਰੀ ਫਸਲ ਖਰਾਬ ਹੋ ਹੀ ਜਾਂਦੀ ਹੈ। ਜੇ ਕਿਸਾਨ ਗਾਣਿਆਂ ਵਿੱਚ ਦਰਸਾਏ ਗਏ ਜੱਟਾਂ ਵਰਗੇ ਅਮੀਰ, ਵਹਿਸ਼ੀ ਅਤੇ ਅਣਖੀਲੇ ਹੁੰਦੇ ਤਾਂ ਰੋਜ਼ਾਨਾ ਆਤਮ ਹੱਤਿਆਵਾਂ ਕਿਉਂ ਕਰਦੇ? ਜੱਟਾਂ ਦੀ ਖੁਦਕਸ਼ੀ ਔਸਤ ਸਾਰੇ ਪੰਜਾਬ ਨਾਲੋਂ ਵੱਧ ਹੈ।

ਜੱਟ ਜਿਆਦਾਤਰ ਪੰਜਾਬ (ਭਾਰਤੀ ਤੇ ਪਾਕਿਸਤਾਨੀ), ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਵੱਸਦੇ ਹਨ ਤੇ ਬਹੁਤੇ ਖੇਤੀਬਾੜੀ ਦਾ ਧੰਦਾ ਕਰਦੇ ਹਨ। ਭਾਰਤ ਵਿੱਚ ਜੱਟਾਂ (ਜਾਟਾਂ ਸਮੇਤ) ਦੀ ਅਬਾਦੀ 9 ਕਰੋੜ ਦੇ ਕਰੀਬ ਹੈ, ਜਿਸ ਵਿੱਚੋਂ ਪੰਜਾਬ 'ਚ 21%, ਰਾਜਸਥਾਨ ਵਿੱਚ 12%, ਹਰਿਆਣੇ ਵਿੱਚ 29% ਅਤੇ ਯੂ.ਪੀ. ਵਿੱਚ ਸਿਰਫ 6% ਹੈ। ਅਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਜੱਟਾਂ ਦੇ ਹਾਲਾਤ ਕੋਈ ਬਹੁਤੇ ਵਧੀਆ ਨਹੀਂ ਸਨ। ਅੱਜ ਚਾਹੇ ਉਹ ਆਪਣੇ ਆਪ ਨੂੰ ਸਭ ਤੋਂ ਉੱਚੀ ਜ਼ਾਤ ਦਾ ਸਮਝਦੇ ਹਨ, ਪਰ ਪਹਿਲਾਂ ਹਿੰਦੂ ਸਮਾਜ ਦੀਆਂ ਕਥਿੱਤ ਸਵਰਨ ਜ਼ਾਤਾਂ ਉਨ੍ਹਾਂ ਨੂੰ ਅਛੂਤ ਹੀ ਮੰਨਦੀਆਂ ਸਨ। ਰਾਜਸਥਾਨ ਵਿੱਚ ਤਾਂ ਥੋੜ੍ਹੇ ਸਾਲ ਪਹਿਲਾਂ ਤੱਕ ਵੀ ਕੋਈ ਜਾਟ ਆਪਣੇ ਨਾਮ ਨਾਲ ਸਿੰਘ ਨਹੀਂ ਸੀ ਲਿਖਾ ਸਕਦਾ (ਇਹ ਸਿਰਫ ਰਾਜਪੂਤਾਂ ਵਾਸਤੇ ਰਿਜ਼ਰਵ ਸੀ), ਘੋੜੀ 'ਤੇ ਨਹੀਂ ਸੀ ਚੜ੍ਹ ਸਕਦਾ ਤੇ ਚੰਗਾ ਉਠ ਨਹੀਂ ਸੀ ਰੱਖ ਸਕਦਾ। ਅੱਜ ਵੀ ਰਾਜਸਥਾਨ 'ਚ ਜਾਟਾਂ ਦੇ ਬਹੁਤੇ ਨਾਮ ਸ਼ਾਮ ਲਾਲ, ਨਿਉਲਾ ਰਾਮ, ਦੂੜੇ ਰਾਮ, ਰਤਨ ਲਾਲ ਜਾਂ ਗੋਦਾ ਰਾਮ ਆਦਿ ਹਨ। ਧਰਮਿੰਦਰ ਦੀ ਫਿਲਮ ਗੁਲਾਮੀ (1985) ਵਿੱਚ ਇਹ ਭੇਦ ਭਾਵ ਬਹੁਤ ਬਰੀਕੀ ਨਾਲ ਵਿਖਾਇਆ ਗਿਆ ਸੀ।

ਪੰਜਾਬ ਵਿੱਚ ਖਾਲਸੇ ਦੀ ਸਿਰਜਣਾ ਤੋਂ ਪਹਿਲਾਂ ਜੱਟਾਂ ਦਾ ਕੋਈ ਨਾਮੋ ਨਿਸ਼ਾਨ ਵੀ ਨਹੀਂ ਸੀ ਜਾਣਦਾ। ਮਿਸਲਾਂ ਤੋਂ ਪਹਿਲਾਂ ਪੰਜਾਬ ਦੇ ਇਤਿਹਾਸ ਵਿੱਚ ਕੋਈ ਜੱਟ ਰਾਜਾ ਨਹੀਂ ਹੋਇਆ। ਪੰਜਾਬ ਤੋਂ ਬਾਹਰ ਸਾਰੇ ਭਾਰਤ ਵਿੱਚ ਸਿਰਫ ਭਰਤਪੁਰ (ਰਾਜਸਥਾਨ, 1680 ਤੋਂ 1947 ਈਸਵੀ) 'ਤੇ ਜਾਟ ਰਾਜਿਆਂ ਨੇ ਰਾਜ ਕੀਤਾ ਹੈ। ਜੱਟਾਂ ਨੇ ਸਿੱਖ ਧਰਮ ਅਖਤਿਆਰ ਕਰਨ ਤੋਂ ਬਾਅਦ ਮੁਗਲ-ਸਿੱਖ ਸੰਘਰਸ਼ ਵਿੱਚ ਮੋਹਰੀ ਰੋਲ ਨਿਭਾਇਆ ਤੇ ਹੌਲੀ ਹੌਲੀ ਸਾਰੇ ਪੰਜਾਬ 'ਤੇ ਕਬਜ਼ਾ ਜਮਾ ਲਿਆ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਜੱਟ ਸ਼ਕਤੀ ਦਾ ਸਿਖਰ ਸੀ। ਉਦੋਂ ਵੀ ਸਿਰਫ ਫੌਜੀ ਅਫਸਰਾਂ, ਜਾਗੀਰਦਾਰਾਂ ਅਤੇ ਸਰਕਾਰੀ ਅਧਿਕਾਰੀਆਂ ਦੀ ਹਾਲਤ ਹੀ ਠੀਕ ਸੀ, ਬਾਕੀ ਖੇਤੀ ਕਰਨ ਵਾਲੇ ਜੱਟਾਂ ਦੀ ਜੂਨ ਅੱਜ ਵਾਂਗ ਹੀ ਬੇਹੱਦ ਮਾੜੀ ਸੀ। ਅਸਲ ਵਿੱਚ ਜੱਟਾਂ ਦੀ ਬੁਰੀ ਹਾਲਤ ਦਾ ਸਭ ਤੋਂ ਵੱਡਾ ਕਾਰਣ ਇਨ੍ਹਾਂ ਦਾ ਸਦੀਆਂ ਤੋਂ ਗੈਰ ਮੁਨਾਫਾ ਬਖਸ਼ ਧੰਦੇ ਖੇਤੀ, ਜੋ ਸਿਰਫ ਤੇ ਸਿਰਫ ਮੌਸਮ 'ਤੇ ਨਿਰਭਰ ਹੈ, ਨਾਲ ਜੁੜੇ ਹੋਣਾ ਹੈ। ਅੰਗਰੇਜ਼ ਰਾਜ ਦੌਰਾਨ ਪੰਜਾਬ ਵਿੱਚ ਨਹਿਰਾਂ ਨਿਕਲਣ ਨਾਲ ਜੱਟਾਂ ਦੀ ਹਾਲਤ ਵਿੱਚ ਕੁਝ ਸੁਧਾਰ ਆਉਣਾ ਸ਼ੁਰੂ ਹੋ ਗਿਆ ਸੀ।

ਪੰਜਾਬ ਦੇ ਜਿਆਦਾਤਰ ਜੱਟ ਸੰਨ 1929 ਤੋਂ ਪਹਿਲਾਂ ਭੂਮੀਹੀਣ ਸਨ। ਉਹ ਜ਼ਮੀਨ ਦੇ ਮਾਲਕ ਨਹੀਂ, ਬਲਕਿ ਜਾਗੀਰਦਾਰਾਂ, ਸ਼ਾਹੂਕਾਰਾਂ, ਡੇਰੇਦਾਰਾਂ ਅਤੇ ਰਜਵਾੜਿਆਂ ਦੇ ਮੁਜ਼ਾਰੇ ਸਨ ਜੋ ਜੱਟਾਂ ਕੋਲੋਂ ਬੇਦਰਦੀ ਨਾਲ ਮੋਟਾ ਲਗਾਨ ਵਸੂਲਦੇ ਸਨ। ਜੱਟਾਂ ਦੀ ਜ਼ਿੰਦਗੀ ਇਨ੍ਹਾਂ ਦੇ ਗੁਲਾਮਾਂ ਤੋਂ ਵੀ ਬਦਤਰ ਸੀ। ਘੋਰ ਗਰੀਬੀ ਦੀ ਦਲਦਲ ਵਿੱਚ ਫਸੇ ਹੋਣ ਕਾਰਨ ਕਾਲੀ ਮਿੱਟੀ ਤੋਂ ਮੁੱਲ ਦੀ ਤੀਵੀਂ ਲਿਆਉਣੀ, ਵੱਟੇ ਦਾ ਵਿਆਹ ਅਤੇ ਇੱਕ ਵਿਆਹਿਆ ਗਿਆ ਸਾਰੇ ਵਿਆਹੇ ਗਏ, ਵਰਗੇ ਰਿਵਾਜ਼ ਆਮ ਸਨ। ਪੰਜਾਬ ਵਿੱਚ ਛੜਿਆਂ ਦੀਆਂ ਹੇੜਾਂ ਫਿਰਦੀਆਂ ਸਨ। ਅਜਿਹੇ ਕਾਲੇ ਦਿਨਾਂ ਵਿੱਚ ਪੰਜਾਬ ਦੇ ਜੱਟਾਂ ਵਾਸਤੇ ਸਾਂਝੇ ਪੰਜਾਬ ਦਾ ਮਾਲ ਮੰਤਰੀ ਸਰ ਛੋਟੂ ਰਾਮ ਜਾਟ (ਯੂਨੀਅਨਿਸਟ ਪਾਰਟੀ, ਮੁੱਖ ਮੰਤਰੀ ਸਰ ਸਿਕੰਦਰ ਹਯਾਤ ਖਾਨ ਟਿਵਾਣਾ) ਮਸੀਹਾ ਬਣ ਕੇ ਬਹੁੜਿਆ। ਉਸ ਨੇ 1929 ਵਿੱਚ ਪੰਜਾਬ ਲੈਂਡ ਰੈਵਿਨਿਊ ਐਕਟ ਰਾਹੀਂ ਜਾਗੀਰਦਾਰਾਂ ਦੇ ਅਧਿਕਾਰ ਸੀਮਤ ਕਰ ਕੇ ਮੁਜ਼ਾਰਿਆਂ ਨੂੰ ਜ਼ਮੀਨਾਂ ਦਾ ਹੱਕ ਦਿਵਾਇਆ ਅਤੇ 1930 ਵਿੱਚ ਪੰਜਾਬ ਰੈਗੂਲੇਸ਼ਨ ਆਫ ਅਕਾਊਂਟਸ ਐਕਟ ਪਾਸ ਕਰ ਕੇ ਜਨਤਾ ਨੂੰ ਸੂਦਖੋਰ ਸ਼ਾਹੂਕਾਰਾਂ ਦੇ ਖੂਨੀ ਪੰਜੇ ਤੋਂ ਮੁਕਤ ਕਰਵਾਇਆ। 1955-56 ਵਿੱਚ ਚੱਲੀ ਮੁਜ਼ਾਰਾ ਲਹਿਰ ਨੇ ਪੰਜਾਬ ਵਿੱਚੋਂ ਜਾਗੀਰਦਾਰੀ ਸਿਸਟਮ ਬਿਲਕੁਲ ਹੀ ਖਤਮ ਕਰ ਦਿੱਤਾ। ਮਾਲਕੀ (ਏਕੜਾਂ ਦੀ ਗਿਣਤੀ) ਨਿਸ਼ਚਿਤ ਕਰ ਦਿੱਤੀ ਗਈ ਤੇ ਜਿਸ ਦਾ ਹਲ ਉਸ ਦੀ ਜ਼ਮੀਨ, ਵਰਗੇ ਕਾਨੂੰਨ ਪਾਸ ਹੋਏ।

ਜੱਟਾਂ ਵਾਸਤੇ ਦੂਸਰਾ ਮਸੀਹਾ ਸਾਬਤ ਹੋਇਆ ਪੰਜਾਬ ਦਾ ਗਾਥਾਮਈ ਮੁੱਖ ਮੰਤਰੀ (1901-1965) ਸ. ਪ੍ਰਤਾਪ ਸਿੰਘ ਕੈਰੋਂ। ਉਸ ਨੇ ਹਰੀ ਕ੍ਰਾਂਤੀ ਦੀ ਸ਼ੁਰੂਆਤ ਕਰ ਕੇ ਪੰਜਾਬ ਦਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ। ਪਹਿਲਾਂ ਪੰਜਾਬ ਵਿੱਚ ਸਾਰੇ ਸਾਲ ਦੌਰਾਨ ਸਿਰਫ ਇੱਕ ਹੀ ਫਸਲ, ਕਣਕ ਹੁੰਦੀ ਸੀ। ਜੱਟ ਖੇਤਾਂ ਵਿੱਚੋਂ ਘਾਹ, ਪੋਹਲੀ, ਇਟਸਿਟ, ਅੱਕ, ਢੱਕ, ਬਾਥੂ, ਲੇਹਾ, ਭਖੜਾ, ਪਾਪੜਾ ਅਤੇ ਮੈਣਾ ਆਦਿ ਗੋਡਦੇ ਹੀ ਪ੍ਰਲੋਕ ਸਿਧਾਰ ਜਾਂਦੇ ਸਨ। ਪੇਂਡੂ ਸਕੂਲ, ਨਹਿਰਾਂ, ਸੇਮ ਨਾਲੇ, ਪਿੰਡ ਪਿੰਡ ਬਿਜਲੀ, ਸੜਕਾਂ, ਟਿਊਬਵੈੱਲ, ਟਰੈਕਟਰ, ਮੁਰੱਬੇਬੰਦੀ, ਭਾਖੜਾ ਡੈਮ, ਚੰਡੀਗੜ੍ਹ ਅਤੇ ਖੇਤੀਬਾੜੀ ਯੂਨੀਵਰਸਿਟੀ (ਲੁਧਿਆਣਾ) ਕੈਰੋਂ ਦੀ ਹੀ ਦੇਣ ਹੈ। ਝੋਨੇ ਅਤੇ ਨਰਮੇ ਦੀ ਕਮਾਈ ਨੇ ਲਹਿਰਾਂ ਬਹਿਰਾਂ ਕਰ ਦਿੱਤੀਆਂ। ਵਿਦਿਆ ਨੇ ਜੱਟਾਂ ਦਾ ਤੀਸਰਾ ਨੇਤਰ ਖੋਲ੍ਹ ਦਿੱਤਾ, ਪੇਂਡੂ ਸਕੂਲਾਂ ਦੇ ਪੜ੍ਹੇ ਬੱਚੇ ਸਰਕਾਰੀ ਨੌਕਰੀਆਂ 'ਤੇ ਭਰਤੀ ਹੋਣ ਲੱਗ ਪਏ। ਜੇ ਕਿਤੇ ਉਸ ਦੀ ਬੇਵਕਤੀ ਮੌਤ ਨਾ ਹੋਈ ਹੁੰਦੀ ਤਾਂ ਪਤਾ ਨਹੀਂ ਉਹ ਪੰਜਾਬ ਨੂੰ ਕਿੱਥੇ ਦਾ ਕਿੱਥੇ ਲੈ ਜਾਂਦਾ। ਉਸ ਤੋਂ ਬਾਅਦ ਦੀਆਂ ਸਰਕਾਰਾਂ ਨੇ ਵੀ ਜੱਟਾਂ ਦੀ ਭਲਾਈ ਵਾਸਤੇ ਕਈ ਸਕੀਮਾਂ ਚਲਾਈਆਂ। ਪਰ ਐਨਾ ਕੁਝ ਹੋਣ ਦੇ ਬਾਵਜੂਦ ਵੀ ਜੱਟਾਂ ਨੇ ਆਪਣੀਆਂ ਪੁਰਾਣੀਆਂ ਆਦਤਾਂ ਨਹੀਂ ਛੱਡੀਆਂ। ਇਹ ਯਹੂਦੀਆਂ ਵਾਂਗ ਸੰਸਾਰ ਦੀ ਨੰਬਰ ਇੱਕ ਕੌਮ ਬਣ ਸਕਦੇ ਸਨ, ਪਰ ਸ਼ੋਸ਼ੇਬਾਜ਼ੀ, ਸੌਂਕਣ ਸਾੜਾ, ਸਿਆਸੀ ਖਿੱਚ ਧੂਹ, ਲੜਾਈ ਝਗੜੇ, ਕਤਲਾਂ, ਨਸ਼ਿਆਂ ਅਤੇ ਸ਼ਰਾਬ ਨੇ ਇਨ੍ਹਾਂ ਨੂੰ ਗੁਰਬਤ ਵਿੱਚੋਂ ਨਿਕਲਣ ਨਹੀਂ ਦਿੱਤਾ। ਖੂਹ ਦੀ ਮਿੱਟੀ ਖੂਹ ਵਿੱਚ ਹੀ ਲੱਗ ਜਾਂਦੀ ਹੈ। ਅੱਜ ਪੰਜਾਬ ਦੀਆਂ ਅਦਾਲਤਾਂ ਵਿੱਚ 80-85% ਫੌਜ਼ਦਾਰੀ ਮੁਕੱਦਮੇ 'ਕੱਲੇ ਜੱਟਾਂ ਦੇ ਹੀ ਚੱਲ ਰਹੇ ਹਨ। ਕਚਿਹਰੀ ਵਿੱਚ ਨਿਗਾਹ ਮਾਰ ਲਉ, ਹਰ ਪਾਸੇ ਚਿੱਟੇ ਕੱਪੜੇ ਪਾਈ ਜੱਟ ਇਵੇਂ ਟਹਿਲਦੇ ਦਿਖਾਈ ਦੇਣਗੇ ਜਿਵੇਂ ਬਹੁਤ ਵੱਡਾ ਮਾਅਰਕਾ ਮਾਰਿਆ ਹੋਵੇ। ਹੁਣ ਤਾਂ ਕੈਨੇਡਾ ਵਿੱਚ ਵੀ ਪੰਜਾਬੀ ਸਟੂਡੈਂਟਾਂ ਦੀਆਂ ਛਿੱਤਰੋ ਛਿਤਰੀ ਹੋਣ ਦੀਆਂ ਵੀਡੀਉ ਵਾਇਰਲ ਹੋ ਰਹੀਆਂ ਹਨ।

ਰਹੀ ਸਹੀ ਕਸਰ ਹੁਣ ਨਵੀਂ ਪੀੜੀ ਨੇ ਕੱਢ ਦਿੱਤੀ ਹੈ। ਲੱਗਦਾ ਹੈ 50 ਸਾਲਾਂ ਤੱਕ ਪੰਜਾਬ ਵਿੱਚ ਕੋਈ ਜੱਟ ਰਹਿਣਾ ਹੀ ਨਹੀਂ। ਲੋਕ ਧੜਾ ਧੜ ਜ਼ਮੀਨਾਂ ਵੇਚ ਕੇ ਬੱਚੇ ਬਾਹਰ ਭੇਜ ਰਹੇ ਹਨ। ਜੱਟਾਂ ਵਿੱਚ ਇੱਕ ਹੋਰ ਮਾੜੀ ਆਦਤ ਭੂਤ ਕਾਲ ਵਿੱਚ ਜਿਊਣ ਦੀ ਹੈ। ਜੋ ਕੁਝ ਕੋਲ ਹੈ, ਉਸ ਨੂੰ ਭੁੱਲ ਕੇ ਪਿੱਛੇ ਪਕਿਸਤਾਨ ਦੀਆਂ ਬਾਰਾਂ ਵਿੱਚ ਰਹਿ ਗਏ ਮੁਰੱਬਿਆਂ ਦੀਆਂ ਗੱਲਾਂ ਕਰ ਕੇ ਹੌਕੇ ਭਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਜੱਟਾਂ ਦੀ ਹਰ ਗੋਤ ਆਪਣੇ ਆਪ ਨੂੰ ਕਿਸੇ ਨਾ ਕਿਸੇ ਰਾਜੇ ਦੇ ਖਾਨਦਾਨ ਨਾਲ ਜੋੜਦੀ ਹੈ। ਕੋਈ ਆਪਣੇ ਆਪ ਨੂੰ ਜੈਸਲਮੇਰ ਤੇ ਕੋਈ ਬੀਕਾਨੇਰ ਦੇ ਰਾਜੇ ਦਾ ਵੰਸ਼ਜ ਦੱਸ ਰਿਹਾ ਹੈ। ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਰਾਜਪੂਤ, ਜਾਟਾਂ ਨੂੰ ਹਮੇਸ਼ਾਂ ਤੋਂ ਨੀਵੀਂ ਜ਼ਾਤ ਸਮਝ ਕੇ ਤ੍ਰਿਸਕਾਰ ਨਾਲ ਵੇਖਦੇ ਰਹੇ ਹਨ। ਰਾਜਸਥਾਨ ਵਿੱਚ ਤਾਂ ਅੱਜ ਵੀ ਕੋਈ ਰਾਜਪੂਤ ਜਾਟਣੀ ਨਾਲ ਵਿਆਹ ਨਹੀਂ ਕਰਵਾਉਂਦਾ, ਜੇ ਕਰਵਾ ਵੀ ਲਿਆ ਹੋਵੇ ਤਾਂ ਬੱਚੇ ਨੇ ਆਪਣੇ ਪਿਉ ਦੀ ਜ਼ਾਤ ਧਾਰਨ ਕਰਨੀ ਸੀ ਕਿ ਮਾਂ ਦੀ? ਉਹ ਆਪਣੀ ਹਾਕਮ ਜ਼ਮਾਤ ਰਾਜਪੂਤ ਛੱਡ ਕੇ ਜੱਟ ਕਿਉਂ ਬਣਦਾ? ਜੱਟ ਵੀ ਬਾਕੀ ਜ਼ਾਤਾਂ ਵਾਂਗ ਹਜ਼ਾਰਾਂ ਸਾਲਾਂ ਤੋਂ ਪੰਜਾਬ ਵਿੱਚ ਹੀ ਰਹਿ ਰਹੇ ਹਨ। ਕਿਸੇ ਇੱਕ ਬੰਦੇ ਦੀ ਔਲਾਦ ਤੋਂ ਐਨੀ ਜਨਸੰਖਿਆ ਪੈਦਾ ਨਹੀਂ ਹੋ ਸਕਦੀ ਤੇ ਨਾ ਹੀ ਰਾਜਪੂਤ ਤੋਂ ਜੱਟ ਬਣੇ ਕਿਸੇ ਵਿਅਕਤੀ ਨੂੰ ਜੈਸਲਮੇਰ ਤੋਂ 600 ਕਿ.ਮੀ. ਦੂਰ ਆ ਕੇ ਪੰਜਾਬ ਵਿੱਚ ਵੱਸਣ ਦੀ ਜਰੂਰਤ ਸੀ। ਇਸ ਲਈ ਬੁਰੀਆਂ ਆਦਤਾਂ ਛੱਡ ਕੇ ਜੋ ਕੁਝ ਸਾਡੇ ਕੋਲ ਹੈ, ਉਸ ਨਾਲ ਗੁਜ਼ਾਰਾ ਕਰਨਾ ਸਿੱਖਣਾ ਚਾਹੀਦਾ ਹੈ। ਜੇ ਕਿਸੇ ਜ਼ਾਤ ਜਾਂ ਗੋਤਰ ਦਾ ਕੋਈ ਲੀਡਰ, ਮੰਤਰੀ ਜਾਂ ਅਫਸਰ ਬਣ ਜਾਂਦਾ ਹੈ ਤਾਂ ਬਹੁਤੀ ਖੁਸ਼ੀ ਨਹੀਂ ਮਨਾਉਣੀ ਚਾਹੀਦੀ। ਕੋਈ ਕਿਸੇ ਨੂੰ ਕੁਝ ਨਹੀਂ ਦਿੰਦਾ, ਸਭ ਆਪਣਾ ਹੀ ਢਿੱਡ ਭਰਦੇ ਹਨ। ਆਮ ਆਦਮੀ ਨੂੰ ਆਪਣੀ ਮਿਹਨਤ ਨਾਲ ਹੀ ਰੋਟੀ ਕਮਾਉਣੀ ਪੈਂਦੀ ਹੈ। ਜੇ ਜੱਟ ਅੱਜ ਵੀ ਦਿਲ ਲਗਾ ਕੇ ਵਿਗਿਆਨਕ ਤਰੀਕੇ ਨਾਲ ਖੇਤੀਬਾੜੀ ਕਰਨ ਤਾਂ ਗੁਜ਼ਾਰਾ ਵਧੀਆ ਚੱਲ ਸਕਦਾ ਹੈ।



# ਈਬੋਲਾ ਦੀ ਰੋਕਥਾਮ ਲਈ ਵੈਕਸੀਨ ਨੂੰ ਮਨਜ਼ੂਰੀ ਮਿਲੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵੱਲੋਂ 18 ਸਾਲ ਤੇ ਇਸ ਤੋਂ ਉੱਪਰ ਦੇ ਸਿਹਤਮੰਦ ਬਾਲਗਾਂ ਨੂੰ ਈਬੋਲਾ ਦੀ ਰੋਕਥਾਮ ਲਈ ਵੈਕਸੀਨ ਦੇਣ ਦੀ ਮਨਜ਼ੂਰੀ ਦਿੱਤੀ ਗਈ ਹੈ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀਐਚਏਸੀ) ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਈਬੋਲਾ ਵਾਇਰਸ ਦੀ ਚਪੇਟ ਵਿੱਚ ਆਉਣ ਵਾਲੇ ਸ਼ਖਸ ਨੂੰ ਸਿੰਗਲ ਡੋਜ਼ ਵਾਲੀ ਅਰਵੀਬੋ ਵੈਕਸੀਨ ਦਿੱਤੀ ਜਾ ਸਕੇਗੀ। ਏਜੰਸੀ ਦਾ ਕਹਿਣਾ ਹੈ ਕਿ ਇਹ ਸ਼ੌਟ ਰੁਟੀਨ ਇਮਿਊਨਾਈਜ਼ੇਸ਼ਨ ਲਈ ਨਹੀਂ ਬਣਿਆ ਨਾ ਹੀ ਟਰੈਵਲ ਤੋਂ ਪਹਿਲਾਂ ਕਰਵਾਏ ਜਾਣ ਵਾਲੇ ਟੀਕਾਕਰਣ ਲਈ ਹੀ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ।ਪੀਐਚਏਸੀ ਨੇ ਆਖਿਆ ਕਿ ਇਹ ਵੈਕਸੀਨ ਉਹੋ ਜਿਹੇ ਹਾਲਾਤ ਵਿੱਚ ਵੀ ਵਰਤੀ ਜਾ ਸਕਦੀ ਹੈ ਜਦੋਂ ਹੈਲਥ ਕੇਅਰ ਵਰਕਰਜ਼ ਸਿੱਧੇ ਤੌਰ ਉੱਤੇ ਅਜਿਹੇ ਲੋਕਾਂ ਦੀ ਸਾਂਭ ਸੰਭਾਲ ਕਰ ਰਹੇ ਹੋਣ ਜਿਨ੍ਹਾਂ ਨੂੰ ਦਸਤ, ਉਲਟੀਆਂ ਲੱਗੀਆਂ ਹੋਣ, ਬੁਖਾਰ ਹੋਵੇ ਤੇ ਅੰਦਰੂਨੀ ਖੂਨੀ ਰਿਸਾਵ ਹੋ ਰਿਹਾ ਹੋਵੇ।

# ਸਭ ਤੋਂ ਘੱਟ ਵਿਆਜ਼ ਦਰਾਂ 'ਤੇ ਘਰ ਖਰੀਦਣ ਵਾਲੇ ਮੌਰਗੇਜ਼ ਰੇਟ ਵਧਣ ਕਾਰਨ ਬੇਹੱਦ ਮੁਸ਼ਕਿਲ ਸਥਿਤੀ 'ਚ ਫ਼ਸੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿੱਚ ਇਸ ਵਕਤ ਲੋਕ ਮਹਿੰਗਾਈ ਨਾਲ ਤਾਂ ਬੁਰੀ ਤਰ੍ਹਾਂ ਜੂਝ ਹੀ ਰਹੇ ਹਨ ਪਰ ਇਸ ਦੇ ਨਾਲ ਹੁਣ ਉਹ ਲੋਕ ਹੋਰ ਜਿਆਦਾ ਤਕਲੀਫ ਵਿੱਚ ਹਨ ਜਿਨਾਂ ਨੇ ਉਸ ਵਕਤ ਘਰ ਖਰੀਦੇ ਸਨ ਜਦੋਂ ਦੇਸ਼ ਵਿੱਚ ਵਿਆਜ ਦਰਾਂ ਬਿਲਕੁਲ ਹੇਠਲੇ ਪੱਧਰ ਤੇ ਸਨ ਪਰ ਹੁਣ ਉਹ ਵਕਤ ਬੀਤ ਚੁੱਕਾ ਹੈ ਅਤੇ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਵਧਾਈਆਂ ਜਾ ਚੁੱਕੀਆਂ ਹਨ ਜਿਸ ਤੋਂ ਬਾਅਦ ਹੁਣ ਇਹ ਲੋਕ ਜਦੋਂ ਆਪਣੀ ਮੌਰਗੇਜ ਰੀਨਿਊ ਕਰਵਾ ਰਹੇ ਹਨ ਤਾਂ ਉਹਨਾਂ ਨੂੰ ਸਮਝ ਨਹੀਂ ਆ ਰਹੀ ਕਿ ਇੰਨੀ ਜ਼ਿਆਦਾ ਵਧ ਚੁੱਕੀ ਕਿਸ਼ਤ ਉਹ ਕਿਵੇਂ ਤਾਰ ਸਕਣਗੇ। ਅਜਿਹੇ ਹਾਲਾਤਾਂ ਵਿੱਚ ਘਰਾਂ ਦੀ ਮਾਰਕੀਟ ਦਾ ਭਵਿੱਖ ਧੁੰਦਲਾ ਹੀ ਨਜ਼ਰ ਆ ਰਿਹਾ ਹੈ।

# ਭਾਰਤ ਵਿੱਚ ਤੇਜ਼ੀ ਨਾਲ ਵਧ ਰਹੀ ਬਜ਼ੁਰਗਾਂ ਦੀ ਗਿਣਤੀ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਵਿੱਚ ਬਜ਼ੁਰਗਾਂ ਦੀ ਆਬਾਦੀ ਬੜੀ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਇਸ ਸਦੀ ਦੇ ਮੱਧ ਤੱਕ ਇਹ ਬੱਚਿਆਂ ਦੀ ਆਬਾਦੀ ਨੂੰ ਪਾਰ ਕਰ ਸਕਦੀ ਹੈ। ਇਹ ਜਾਣਕਾਰੀ ਸੰਯੁਕਤ ਰਾਸ਼ਟਰ ਆਬਾਦੀ ਫੰਡ (ਯੂਐੱਨਐੱਫਪੀਏ) ਦੀ ਨਵੀਂ ਰਿਪੋਰਟ ਵਿੱਚ ਸਾਹਮਣੇ ਆਈ ਹੈ। ਰਿਪੋਰਟ ਵਿੱਚ ਕਿਹਾ ਹੈ ਕਿ ਆਉਣ ਵਾਲੇ ਦਹਾਕਿਆਂ ਵਿੱਚ ਨੌਜਵਾਨ ਭਾਰਤ ਤੇਜ਼ੀ ਨਾਲ ਬੁਢਾਪੇ ਵਾਲੇ ਸਮਾਜ ਵਿੱਚ ਬਦਲ ਜਾਵੇਗਾ। ਭਾਰਤ ਦੁਨੀਆ ਵਿੱਚ ਅੱਲੜਾਂ ਅਤੇ ਨੌਜਵਾਨਾਂ ਦੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ। ਯੂਐੱਨਐੱਫਪੀਏ ਦੀ 'ਇੰਡੀਆ ਏਜਿੰਗ ਰਿਪੋਰਟ 2023' ਅਨੁਸਾਰ ਕੌਮੀ ਪੱਧਰ 'ਤੇ ਬਜ਼ੁਰਗਾਂ ਯਾਨੀ 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਹਿੱਸੇਦਾਰੀ 2021 ਵਿੱਚ 10।1 ਪ੍ਰਤੀਸ਼ਤ ਸੀ, ਜੋ 2036 ਵਿੱਚ 15 ਪ੍ਰਤੀਸ਼ਤ ਅਤੇ 2050 ਵਿੱਚ 20।8 ਪ੍ਰਤੀਸ਼ਤ ਤੱਕ ਵਧਣ ਦਾ ਅਨੁਮਾਨ ਹੈ।ਰਿਪੋਰਟ ਵਿੱਚ ਕਿਹਾ ਹੈ, 'ਸਦੀ ਦੇ ਅੰਤ ਤੱਕ ਦੇਸ਼ ਦੀ ਕੁੱਲ ਆਬਾਦੀ ਵਿੱਚ ਬਜ਼ੁਰਗਾਂ ਦੀ ਗਿਣਤੀ 36 ਫੀਸਦੀ ਤੋਂ ਵੱਧ ਹੋ ਜਾਵੇਗੀ।'
















ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ

## ਸੰਦਲੀ ਪਟਾਰੀ

# ਕਰਨੈਲ ਸਿੰਘ ਪਾਰਸ




- (ਭਾਗ ਪਹਿਲਾ)

ਕਾਲੇ ਤਵਿਆਂ ਵਿਚੋਂ ਲਿਸ਼ਕਦਾ ਕਰਨੈਲ ਸਿੰਘ ਪਾਰਸ ਦਾ ਨਾਂ ਤੇ ਗੂੰਜਦੀ ਗੜ੍ਹਕਦੀ ਆਵਾਜ਼ ਤਾਂ ਪੰਜਾਬ ਦੀਆਂ ਹਵਾਵਾਂ ਤੇ ਫ਼ਿਜ਼ਾਵਾਂ ਵਿੱਚ ਬੜੇ ਸਾਲਾਂ ਤੋਂ ਆਪਣੇ ਰਸਾਂ-ਰੰਗਾਂ ਸਮੇਤ ਆਮ ਪੰਜਾਬੀਆਂ ਵਾਂਗ ਮੇਰੇ ਸਿਰ 'ਤੇ ਵੀ ਜਾਦੂ ਵਾਂਗ ਧੂੜੀ ਹੋਈ ਸੀ, ਪਰ ਪਾਰਸ ਨੂੰ ਮਿਲਣ ਦਾ ਸਬੱਬ ਉਦੋਂ ਜਾ ਕੇ ਬਣਿਆਂ ਜਦੋਂ ਉਹਨੇ ਆਪਣਾ ਕਵੀਸ਼ਰੀ-ਲੰਗੋਟ ਲਾਹ ਕੇ ਕਿੱਲੀ ਉੱਤੇ ਟੰਗ ਦਿਤਾ ਸੀ ਅਤੇ ਰਾਮੂਵਾਲੇ ਨੂੰ ਛੱਡ ਕੇ ਕਨੇਡਾ ਵਿੱਚ ਆਪਣੇ ਪਰਿਵਾਰ ਦੇ ਜੀਆਂ ਕੋਲ ਵਸੇਬਾ ਕਰ ਲਿਆ ਸੀ। 'ਪੰਜਾਬੀ ਸੱਥ' ਲਾਂਬੜਾ ਨੇ ਹਰੇਕ ਸਾਲ ਪੰਜਾਬੀ ਸਾਹਿਤ-ਸਭਿਆਚਾਰ ਦੀਆਂ ਵੱਡੀਆਂ ਸ਼ਖਸੀਅਤਾਂ ਨੂੰ ਸਨਮਾਨਤ ਕਰਨ ਵਾਲੇ ਸਾਲਾਨਾ ਪ੍ਰੋਗਰਾਮ ਵਿੱਚ ਕਰਨੈਲ ਸਿੰਘ ਪਾਰਸ ਨੂੰ ਕਵੀਸ਼ਰੀ ਦੇ ਖੇਤਰ ਵਿੱਚ ਪਾਏ ਉਹਦੇ ਲਾਸਾਨੀ ਯੋਗਦਾਨ ਲਈ ਸਨਮਾਨਤ ਕਰਨਾ ਸੀ।

ਕਰਨੈਲ ਸਿੰਘ ਪਾਰਸ, ਰਾਮ ਸਰੂਪ ਅਣਖੀ ਤੇ ਕੁੱਝ ਹੋਰ ਵਿਦਵਾਨ ਇਸ ਸਮਾਗਮ ਦੀ ਸੋਭਾ ਸਨ। ਸਮਾਗਮ ਦੀ ਪ੍ਰਧਾਨਗੀ ਗੁਰਬਚਨ ਸਿੰਘ ਭੁੱਲਰ ਕਰ ਰਿਹਾ ਸੀ। ਜਾਣਦਾ ਤਾਂ ਉਹ ਪਾਰਸ ਨੂੰ ਪਹਿਲਾਂ ਹੀ ਸੀ, ਪਰ ਆਪਣੇ ਮਖ਼ਸੂਸ ਅੰਦਾਜ਼ ਵਿੱਚ ਉਹਨੇ ਆਪਣੇ ਪਿੱਛੇ ਖਲੋਤੇ ਪਾਰਸ ਕੋਲੋਂ ਉਸ ਬਾਰੇ ਜਾਨਣਾ ਚਾਹਿਆ। ਬਜ਼ੁਰਗ ਪਾਰਸ ਵੀ ਸੋਚਦਾ ਹੋਵੇਗਾ ਕਿ ਜਿਸ ਬੰਦੇ ਨੇ ਸਮਾਗਮ ਦੀ ਪ੍ਰਧਾਨਗੀ ਕਰਨੀ ਹੋਵੇ, ਉਹ ਉਸ ਬਾਰੇ ਜਾਣਦਾ ਤਾਂ ਹੋਵੇਗਾ ਹੀ, ਪਰ ਹੁਣ ਜਾਣ-ਬੁੱਝ ਕੇ ਅਣਜਾਣ ਬਣਨ ਦਾ ਵਿਖ਼ਾਲਾ ਕਰ ਰਿਹਾ ਹੈ। ਪਾਰਸ ਨੇ ਵੀ ਸਿੱਧਾ ਜਵਾਬ ਦੇਣ ਦੀ ਥਾਂ ਆਪਣੇ ਮਖ਼ਸੂਸ ਅੰਦਾਜ਼ ਵਿੱਚ ਕਿਹਾ, "ਮੈਂ ਬਲਵੰਤ ਸੁੰਹ ਰਾਮੂਵਾਲੀਏ ਦਾ ਪਿਉ ਆਂ।"

ਇਸ ਜਵਾਬ ਵਿੱਚ ਮਿੱਠੀ ਜਿਹੀ ਮਸ਼ਕਰੀ ਵੀ ਸੀ ਤੇ ਡੂੰਘੀ ਹਕੀਕਤ ਵੀ। ਸਾਡੀ ਆਪਣੇ ਲੇਖਕਾਂ, ਕਲਾਕਾਰਾਂ ਲਈ ਘਟਦੀ ਜਾਂਦੀ ਅਪਣੱਤ ਤੇ ਰਾਜਨੀਤਕ ਲੋਕਾਂ ਦੀ ਲੋੜੋਂ ਵੱਧ ਵਧਦੀ ਜਾਂਦੀ ਚਾਪਲੂਸੀ ਦੀ ਅਹਿਮੀਅਤ 'ਤੇ ਕਰੜਾ ਵਿਅੰਗ ਵੀ ਸੀ। ਬਲਵੰਤ ਸਿੰਘ ਉਹਨੀਂ ਦਿਨੀਂ ਕੇਂਦਰ ਵਿੱਚ ਵਜ਼ੀਰ ਸੀ। ਕਰਨੈਲ ਸਿੰਘ ਪਾਰਸ ਸ਼ਾਇਦ ਇਹ ਕਹਿਣਾ ਚਾਹ ਰਿਹਾ ਸੀ ਕਿ ਭਾਈ! ਜੇਕਰ ਤੁਸੀਂ ਅੱਧੀ ਸਦੀ ਤੋਂ ਵੱਧ ਪੰਜਾਬ ਦੀਆਂ ਸਟੇਜਾਂ ਦਾ ਸ਼ਿੰਗਾਰ ਬਣੇ ਰਹਿਣ ਵਾਲੇ ਕਵੀਸ਼ਰ-ਕਲਾਕਾਰ ਬਾਰੇ ਅਜੇ ਤੱਕ ਅਣਜਾਣ ਹੋ ਤੇ ਜੇ ਤੁਸੀਂ ਰਾਜਨੀਤੀਵਾਨਾਂ ਨੂੰ ਹੀ ਪਛਾਣਦੇ ਓ ਤਾਂ ਬਲਵੰਤ ਸਿੰਘ ਰਾਮੂਵਾਲੀਏ ਦੇ ਹਵਾਲੇ ਨਾਲ ਹੀ ਮੈਨੂੰ ਪਛਾਣ ਹੀ ਲਵੋਗੇ। ਗੁਰਬਚਨ ਸਿੰਘ ਭੁੱਲਰ ਵੀ ਆਖ਼ਰ 'ਗੁਰਬਚਨ ਸਿੰਘ ਭੁੱਲਰ' ਹੋਇਆ! ਕਹਿਣ ਲੱਗਾ, "ਬਜ਼ੁਰਗੋ! ਅਸੀਂ ਬਲਵੰਤ ਸਿੰਘ ਰਾਮੂਵਾਲੀਏ ਦੇ ਪਿਉ ਨੂੰ ਨਹੀਂ ਜਾਣਦੇ। ਅਸੀਂ ਤਾਂ ਉਸ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਨੂੰ ਜਾਣਦੇ ਹਾਂ, ਜਿਹਦਾ ਮੁੰਡਾ ਬਲਵੰਤ ਸਿੰਘ ਰਾਮੂਵਾਲੀਆ ਏ ਅਤੇ ਉਸਤੋਂ ਵੀ ਵੱਧ ਅਸੀਂ ਉਸ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਨੂੰ ਪਿਆਰਦੇ ਸਤਿਕਾਰਦੇ ਆਂ, ਜੀਹਦੀਆਂ 'ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ' ਵਰਗੀਆਂ ਕਵਿਤਾਵਾਂ ਅਸੀਂ ਬਚਪਨ ਵਿੱਚ ਗੁਣਗੁਣਾਇਆ ਤੇ ਗਾਇਆ ਕਰਦੇ ਸਾਂ ਤੇ ਜੀਹਨੂੰ ਵੇਖਣ ਤੇ ਸੁਣਨ ਦੀ ਰੀਝ ਹਰ ਪਲ ਸਾਡੇ ਮਨ ਵਿੱਚ ਮਚਲਦੀ ਰਹਿੰਦੀ ਸੀ। ਜੇ ਤੁਸੀਂ ਓਹੋ ਹੀ ਕਰਨੈਲ ਸਿੰਘ ਪਾਰਸ ਓ, ਜੋ ਸਾਡੇ ਬਚਪਨ ਤੋਂ ਹੀ ਸਾਡੇ ਚੇਤਿਆਂ ਵਿੱਚ ਵੱਸਿਆ ਹੋਇਆ ਏ ਤਾਂ ਤੁਹਾਨੂੰ ਮੇਰੀ ਬਹੁਤ ਬਹੁਤ ਨਮਸਕਾਰ!"

ਪੰਜਾਬ ਦੇ ਇਸ ਅਜ਼ੀਮ ਕਵੀਸ਼ਰ ਨੂੰ ਇਹ ਸਮੁੱਚੇ ਪੰਜਾਬੀ ਮਨਾਂ ਦੀ ਨਮਸਕਾਰ ਸੀ।

ਕਈ ਸਾਲਾਂ ਬਾਅਦ ਲਾਂਬੜੇ ਵਾਲੇ ਸਨਮਾਨ ਸਮਾਗਮ ਦੀ ਗੱਲ ਪਾਰਸ ਨਾਲ ਕੁੱਝ ਇੰਜ ਹੋਈ। ਨਿੰਦਰ ਘੁਗਿਆਣਵੀ ਪਾਰਸ ਬਾਰੇ ਕਿਤਾਬ ਲਿਖ ਰਿਹਾ ਸੀ। ਇੱਕ ਰਾਤ ਨੂੰ ਉਹਦਾ ਫ਼ੋਨ ਆਇਆ, "ਅੰਕਲ ਜੀ! ਮੈਂ ਰਾਮੂਵਾਲੇ ਤੋਂ ਬੋਲਦਾਂ। ਬਾਪੂ ਪਾਰਸ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਨੇ।" ਉਹਨੇ ਫ਼ੋਨ ਪਾਰਸ ਨੂੰ ਫੜਾ ਦਿੱਤਾ। ਪਾਰਸ ਬੋਲ ਰਿਹਾ ਸੀ, "ਸੰਧੂ! ਤੂੰ ਲਾਂਬੜੇ ਵਾਲੇ ਸਮਾਗਮ 'ਤੇ ਜੋ ਕੁੱਝ ਮੇਰੇ ਬਾਰੇ ਬੋਲਿਆ ਸੀ, ਮੈਨੂੰ ਹੁਣ ਤੱਕ ਯਾਦ ਐ। ਤੂੰ ਉਹ ਲਫ਼ਜ਼ ਬੋਲ ਕੇ ਮੈਨੂੰ ਬਹੁਤ ਮਾਣ ਦਿੱਤਾ ਸੀ ਭਾਈ! ਮੈਂ ਤੇਰਾ ਬਹੁਤ ਧੰਨਵਾਦ ਕਰਦੈਂ।"

ਤੇ ਉਹ ਮੇਰੇ ਬੋਲੇ ਲਫ਼ਜ਼ਾਂ ਦੇ ਸਵਾਦ ਵਿੱਚ ਗੜੂੰਦ ਹੋਇਆ ਉਹਨਾਂ ਦੇ ਵਿਸਥਾਰ ਵਿੱਚ ਵਹਿ ਗਿਆ।

ਲਾਂਬੜੇ ਵਾਲੇ ਸਮਾਗਮ ਦਾ ਮੈਂ ਮੰਚ-ਸੰਚਾਲਕ ਸਾਂ। ਸਨਮਾਨ ਲੈਣ ਵਾਲੀਆਂ ਤੇ ਹੋਰ ਸ਼ਖ਼ਸੀਅਤਾਂ ਵਾਰੀ ਵਾਰੀ ਬੋਲ ਗਈਆਂ ਸਨ।

ਸਟੇਜ ਸੰਚਾਲਕ ਦੀ ਸੇਵਾ ਨਿਭਾਉਂਦਿਆਂ ਮੈਂ ਰਾਮ ਸਰੂਪ ਅਣਖ਼ੀ ਵਰਗੇ ਆਪਣੇ ਖ਼ੇਤਰ ਦੇ ਨਾਮਵਰ ਲੋਕਾਂ ਨੂੰ, ਵਾਰੀ ਵਾਰੀ, ਸਟੇਜ 'ਤੇ ਬੁਲਾ ਕੇ ਸਨਮਾਨ ਦੇਣ ਦੀ ਰਸਮ ਅਦਾ ਕਰਨ ਪਿੱਛੋਂ ਕਿਹਾ, "ਦੋਸਤੋ! ਤੁਸੀਂ ਸੋਚਦੇ ਹੋਵੋਗੇ ਕਿ ਮੈਂ ਕਰਨੈਲ ਸਿੰਘ ਪਾਰਸ ਹੁਰਾਂ ਨੂੰ ਸਨਮਾਨਤ ਕਰਨ ਤੇ ਬੁਲਾਉਣ ਲਈ ਸਮਾਗਮ ਦੇ ਸਭ ਤੋਂ ਅਖ਼ੀਰ 'ਤੇ ਕਿਉਂ ਰੱਖਿਆ ਏ? ਸ਼ਾਇਦ ਪਾਰਸ ਹੁਰੀਂ ਵੀ ਅੰਦਰੇ ਅੰਦਰ ਮੇਰੇ 'ਤੇ ਖ਼ਫ਼ਾ ਹੋ ਰਹੇ ਹੋਣਗੇ ਕਿ ਮੈਂ ਉਹਨਾਂ ਦਾ ਨਾਂ ਅੱਗੇ ਤੋਂ ਅੱਗੇ ਟਾਲ਼ੀ ਜਾ ਰਿਹਾਂ। ਪਰ ਮੈਂ ਜਾਣਦਾਂ ਕਿ ਅੱਜ ਦੇ ਮੇਲੇ ਦਾ ਮੁੱਖ ਆਕਰਸ਼ਣ ਪਾਰਸ ਹੁਰੀਂ ਹੀ ਨੇ। ਜਿੰਨਾਂ ਚਿਰ ਸਰੋਤੇ ਪਾਰਸ ਹੁਰਾਂ ਨੂੰ ਸੁਣ ਨਹੀਂ ਲੈਣਗੇ ਓਨਾ ਵਿੱਚ ਪੰਡਾਲ ਵਿਚੋਂ ਉੱਠ ਕੇ ਨਹੀਂ ਜਾਣ ਲੱਗੇ। ਸਰੋਤਿਆਂ ਨੂੰ ਅਖ਼ੀਰ ਤੱਕ ਬੰਨ੍ਹ ਕੇ ਬਿਠਾਈ ਰੱਖਣਾ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹੁੰਦੀ ਹੈ। ਅਸੀਂ ਜਦੋਂ ਛੋਟੇ ਹੁੰਦੇ ਸਾਂ ਤਾਂ ਦੀਵਾਲੀ ਵਾਲੀ ਰਾਤ ਨੂੰ ਪਟਾਕੇ, ਬੰਬ, ਹਵਾਈਆਂ, ਸ਼ੁਰਲੀਆਂ, ਫੁੱਲਝੜੀਆਂ ਤੇ ਆਤਿਸ਼ਬਾਜ਼ੀ ਦਾ ਹੋਰ ਸਮਾਨ ਚਲਾ ਕੇ ਦੀਵਾਲੀ ਦਾ ਆਨੰਦ ਮਾਣਦੇ ਸਾਂ ਪਰ ਜਦੋਂ ਸਾਰਾ ਕੁੱਝ ਖ਼ਤਮ ਹੋ ਜਾਂਦਾ ਤਾਂ ਇੱਕ ਵੱਡਾ ਅਨਾਰ ਇਸ ਲਈ ਸਾਂਭ ਕੇ ਰੱਖਿਆ ਹੁੰਦਾ ਸੀ ਕਿ ਆਖ਼ਰ ਵਿੱਚ ਚੱਲਣ ਵਾਲਾ ਇਹ ਅਨਾਰ ਆਪਣੀ ਰੌਸ਼ਨੀ ਨਾਲ ਝਿਲਮਿਲਾਉਂਦੇ ਤਾਰਿਆਂ-ਚੰਗਿਆੜਿਆਂ ਦੇ ਜਲੌਅ ਸਮੇਤ ਸਾਡੇ ਚੇਤਿਆਂ ਵਿੱਚ ਸਾਲ ਭਰ ਲਿਸ਼ਕਦਾ ਰਹੇ। ਮੈਂ ਵੀ ਆਪਣਾ ਇਹ ਵੱਡਾ ਅਨਾਰ ਅਖ਼ੀਰ ਉੱਤੇ ਚਲਾਉਣ ਲਈ ਰੱਖ ਛੱਡਿਆ ਸੀ। ਪੰਜਾਬੀ ਕਵੀਸ਼ਰੀ ਦਾ ਇਹ ਅਨਾਰ ਤਾਂ ਪਿਛਲੇ ਕਈ ਦਹਾਕਿਆਂ ਤੋਂ ਪੂਰੀ ਆਭਾ ਨਾਲ ਸਾਡੇ ਚੇਤਿਆਂ ਵਿੱਚ ਲਿਸ਼-ਲਿਸ਼ ਲਿਸ਼ਕ ਰਿਹਾ ਏ ਪਰ ਅੱਜ ਇੱਕ ਵਾਰ ਫੇਰ ਉਹਨਾਂ ਦੇ ਬੋਲਾਂ ਵਿਚੋਂ ਝਰਦੀਆਂ ਸ਼ੁਆਵਾਂ ਦਾ ਜਲੌਅ ਮਾਣੋ।"

ਸਰੋਤਿਆਂ ਨੇ ਗੜਗੜਾਉਂਦੀਆਂ ਤਾੜੀਆਂ ਨਾਲ ਮੇਰੇ ਬੋਲਾਂ ਦਾ ਹੁੰਗਾਰਾ ਭਰਿਆ। ਮੈਂ ਕੁੱਝ ਗ਼ਲਤ ਵੀ ਤਾਂ ਨਹੀਂ ਸੀ ਕਿਹਾ। ਪਾਰਸ ਅੱਜ ਵੀ ਕਵੀਸ਼ਰੀ ਦੇ ਇਤਿਹਾਸ ਦੇ ਆਕਾਸ਼ ਵਿੱਚ ਧਰੂ ਤਾਰੇ ਵਾਂਗ ਲਿਸ਼ਕ ਰਿਹਾ ਹੈ।

ਸਟੇਜ 'ਤੇ ਆ ਕੇ ਪਾਰਸ ਨੇ ਆਪਣੀ ਵਡੇਰੀ ਹੁੰਦੀ ਜਾ ਰਹੀ ਉਮਰ ਦੇ ਹਵਾਲੇ ਨਾਲ ਗੱਲ ਸ਼ੁਰੂ ਕੀਤੀ, "ਮੌਤ ਦਾ ਮੈਨੂੰ ਡਰ ਕੋਈ ਨਹੀਂ ਤੇ ਜਾਣ ਦੀ ਮੈਨੂੰ ਕਾਹਲ ਕੋਈ ਨਹੀਂ।"

ਪਹਿਲੇ ਹੀ ਦੋ ਵਾਕਾਂ ਨਾਲ ਉਹਨੇ ਸਰੋਤਿਆਂ ਨੂੰ ਆਪਣੀ ਮੁੱਠੀ ਵਿੱਚ ਲੈ ਲਿਆ। ਇਹਨਾਂ ਵਾਕਾਂ ਵਿੱਚ ਜ਼ਿੰਦਗੀ ਤੇ ਮੌਤ ਨੂੰ ਸਹਿਜ ਨਾਲ ਲੈਣ ਤੇ ਜਿਉਣ ਦਾ ਹੁਨਰ ਵੀ ਲੁਕਿਆ ਹੋਇਆ ਸੀ। ਫਿਰ ਕਿੰਨਾਂ ਹੀ ਚਿਰ ਲੋਕ ਉਹਦੇ ਲਿਸ਼ਕਦੇ, ਚਮਕਦੇ ਤੇ ਖੜਕਦੇ ਬੋਲਾਂ ਨਾਲ ਮੰਤਰ-ਮੁਗਧ ਹੋਏ ਬੈਠੇ, ਧੌਣਾਂ ਸਿੱਧੀਆਂ ਕਰ ਕੇ ਤੇ ਉਲਰ ਉਲਰ ਕੇ ਉਹਨੂੰ ਵੇਖਦੇ ਤੇ ਸੁਣਦੇ ਰਹੇ। ਏਸੇ ਭਾਸ਼ਣ-ਯੋਗਤਾ ਤੇ ਗਾਇਣ-ਯੋਗਤਾ ਦੀ ਬਦੌਲਤ ਉਹਨੇ ਲੰਮਾਂ ਸਮਾਂ ਪੰਜਾਬੀ ਮਨਾਂ 'ਤੇ ਰਾਜ ਕੀਤਾ।......

'ਕਵਿਤਾ ਦੇ ਲੱਡੂ' ਕਿਵੇਂ ਬਣਾਉਂਦਾ ਸੀ ਪਾਰਸ ਬਾਪੂ (ਖ਼ਾਸ ਤੌਰ 'ਤੇ ਕਵੀਆਂ ਲਈ ਪੜ੍ਹਨ ਵਾਲਾ ਬਿਰਤਾਂਤ)


ਵਰਿਆਮ ਸਿੰਘ ਸੰਧੂ
98726-02296

ਪਿਛਲੇ ਬਿਰਤਾਂਤ ਵਿਚ ਗੱਲ ਲਾਂਬੜੇ ਵਾਲੇ ਸਨਮਾਨ-ਸਮਾਗਮ ਦੀ ਹੋ ਰਹੀ ਸੀ। ਤੇ ਗੱਲ ਦਾ ਤੋੜਾ ਏਥੇ ਖ਼ਤਮ ਹੋਇਆ ਸੀ:

ਸਟੇਜ 'ਤੇ ਆ ਕੇ ਪਾਰਸ ਨੇ ਆਪਣੀ ਵਡੇਰੀ ਹੁੰਦੀ ਜਾ ਰਹੀ ਉਮਰ ਦੇ ਹਵਾਲੇ ਨਾਲ ਗੱਲ ਸ਼ੁਰੂ ਕੀਤੀ, "ਮੌਤ ਦਾ ਮੈਨੂੰ ਡਰ ਕੋਈ ਨਹੀਂ ਤੇ ਜਾਣ ਦੀ ਮੈਨੂੰ ਕਾਹਲ ਕੋਈ ਨਹੀਂ।" ਪਹਿਲੇ ਹੀ ਦੋ ਵਾਕਾਂ ਨਾਲ ਉਹਨੇ ਸਰੋਤਿਆਂ ਨੂੰ ਆਪਣੀ ਮੁੱਠੀ ਵਿੱਚ ਲੈ ਲਿਆ। ਇਹਨਾਂ ਵਾਕਾਂ ਵਿੱਚ ਜ਼ਿੰਦਗੀ ਤੇ ਮੌਤ ਨੂੰ ਸਹਿਜ ਨਾਲ ਲੈਣ ਤੇ ਜਿਉਣ ਦਾ ਹੁਨਰ ਵੀ ਲੁਕਿਆ ਹੋਇਆ ਸੀ। ਫਿਰ ਕਿੰਨਾਂ ਹੀ ਚਿਰ ਲੋਕ ਉਹਦੇ ਲਿਸ਼ਕਦੇ, ਚਮਕਦੇ ਤੇ ਖੜਕਦੇ ਬੋਲਾਂ ਨਾਲ ਮੰਤਰ-ਮੁਗਧ ਹੋਏ ਬੈਠੇ, ਧੌਣਾਂ ਸਿੱਧੀਆਂ ਕਰ ਕੇ ਤੇ ਉਲਰ ਉਲਰ ਕੇ ਉਹਨੂੰ ਵੇਖਦੇ ਤੇ ਸੁਣਦੇ ਰਹੇ। ਏਸੇ ਭਾਸ਼ਣ-ਯੋਗਤਾ ਤੇ ਗਾਇਣ-ਯੋਗਤਾ ਦੀ ਬਦੌਲਤ ਉਹਨੇ ਲੰਮਾਂ ਸਮਾਂ ਪੰਜਾਬੀ ਮਨਾਂ 'ਤੇ ਰਾਜ ਕੀਤਾ।

ਹੁਣ ਅਗਲਾ ਬਿਰਤਾਂਤ ਪੜ੍ਹੋ_

ਇਸ ਘਟਨਾ ਤੋਂ ਦਸ-ਬਾਰਾਂ ਸਾਲ ਬਾਅਦ ਕਨੇਡਾ ਤੋਂ ਪੰਜਾਬ ਆਏ ਕਰਨੈਲ ਸਿੰਘ ਪਾਰਸ ਦਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਰੂ-ਬ-ਰੂ ਕਰਵਾਇਆ ਗਿਆ। ਸਰੋਤਿਆਂ ਵਿੱਚ ਜਲੰਧਰ ਤੇ ਆਸ ਪਾਸ ਦੇ ਨਾਮਵਰ ਲੇਖਕ ਤੇ ਬੁੱਧਜੀਵੀ ਸ਼ਾਮਲ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਤਤਕਾਲੀ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਤੇ ਨਾਮਵਰ ਕਵੀਸ਼ਰ ਜੋਗਾ ਸਿੰਘ ਜੋਗੀ ਵੀ ਹਾਜ਼ਰ ਸਨ। ਜੋਗਾ ਸਿੰਘ ਜੋਗੀ ਦੀ ਵਾਰੀ ਆਈ ਤਾਂ ਉਹਨੇ ਕਵੀਸ਼ਰੀ ਦੇ ਖ਼ੇਤਰ ਵਿੱਚ ਪਾਰਸ ਦੇ ਪਾਏ ਯੋਗਦਾਨ ਦੀ ਗੱਲ ਵੀ ਕੀਤੀ ਤੇ ਪਾਰਸ ਨੂੰ ਆਪਣੇ ਗੁਰੂਆਂ ਵਰਗੇ ਪ੍ਰੇਰਨਾ ਸਰੋਤ ਹੋਣ ਦਾ ਮਾਣ ਦਿੰਦਿਆਂ ਪਾਰਸ ਦੇ ਲਿਖੇ ਛੰਦ ਦਾ ਇੱਕ ਬੰਦ ਕਵੀਸ਼ਰੀ ਅੰਦਾਜ਼ ਵਿੱਚ ਗਾ ਕੇ ਸੁਣਾਇਆ:

ਦਸਵੇਂ ਪਿਤਾ ਜੀ ਦਸਮੇਸ਼ ਚੋਜੀ ਜੀ,
ਪੈਜ ਰੱਖੋ ਬਾਣੇ ਦੀ,
ਕਵਿਤਾ 'ਚ ਪਾਵਣੇ ਦੀ ਆ 'ਜੇ ਸੋਝੀ ਜੀ,
ਪੇਟੇ ਅਤੇ ਤਾਣੇ ਦੀ,
ਅੜੇ ਨਾ ਅੜੀ ਛੰਦਾਂ ਦੀ
ਲੱਗ 'ਜੇ ਸਭਾ 'ਚ ਫੁੱਲਝੜੀ ਛੰਦਾਂ ਦੀ।

ਮੈਂ ਜੋਗੀ ਦੇ ਕੋਲ ਖਲੋਤਾ ਸਾਂ। ਪਤਾ ਨਹੀਂ ਮੇਰੇ ਅੰਦਰ ਕਿੱਥੋਂ ਦੱਬਿਆ ਸੋਮਾ ਫੁੱਟ ਨਿਕਲਿਆ। ਮੈਂ ਓਨੀ ਹੀ ਉੱਚੀ ਆਵਾਜ਼ ਤੇ ਓਸੇ ਅੰਦਾਜ਼ ਵਿੱਚ ਅਗਲਾ ਬੰਦ ਗਾਉਣਾ ਸ਼ੁਰੂ ਕਰ ਦਿੱਤਾ ਜਿਵੇਂ ਇੱਕ ਤੋਂ ਬਾਅਦ ਦੂਜਾ ਕਵੀਸ਼ਰ ਬੋਲ ਚੁੱਕਦਾ ਏ।

ਨੱਪ ਸੁੱਚ ਗੱਡੀ ਤੋਰ 'ਤੀ ਸਟੇਸ਼ਨੋ,
ਵੇਖਿਆ 'ਸਿੰਗਲ' ਨਾ।
ਕਵਿਤਾ ਦੇ ਲੱਡੂ ਬਣੇ ਬਿਨਾਂ ਵੇਸਣੋਂ,
ਪੜ੍ਹਿਆ ਪਿੰਗਲ ਨਾ,
ਨਾ ਮੈਂ ਮਾਹਿਰ ਗਿਆਨ 'ਚ।
ਭਰ ਦੇ ਮਿਠਾਸ ਸ਼ਾਇਰਾਂ ਦੀ ਜ਼ਬਾਨ 'ਚ।

ਦਰਸ਼ਕਾਂ-ਸਰੋਤਿਆਂ ਨੇ ਤਾੜੀਆਂ ਤਾਂ ਮਾਰਨੀਆਂ ਹੀ ਸਨ, ਉਹ ਮੇਰਾ ਇਹ ਰੂਪ ਵੇਖ ਕੇ ਹੈਰਾਨ ਤੇ ਖ਼ੁਸ਼ ਵੀ ਸਨ।

ਬਚਪਨ ਵਿੱਚ ਮੈਨੂੰ ਕਵੀਸਰਾਂ ਤੇ ਢਾਡੀਆਂ ਨੂੰ ਸੁਣਨ ਦਾ ਬੜਾ ਸ਼ੌਕ ਸੀ। ਸਾਡੇ ਆਪਣੇ ਪਿੰਡ ਵਿੱਚ ਹੀ ਦੋ-ਤਿੰਨ ਵੱਡੇ ਜੋੜ-ਮੇਲੇ ਲੱਗਦੇ ਸਨ। ਮੰਨੇ-ਪ੍ਰਮੰਨੇ ਢਾਡੀਆਂ ਤੇ ਕਵੀਸ਼ਰਾਂ ਨੂੰ ਸੁਣਨ ਦਾ ਸਬੱਬ ਬਣਦਾ ਰਹਿੰਦਾ। ਹੈਰਾਨੀ ਦੀ ਗੱਲ ਇਹ ਸੀ ਕਿ ਬਹੁਤੇ ਕਵੀਸ਼ਰ ਪਾਰਸ ਦੀ ਕਵੀਸ਼ਰੀ ਦੇ ਅਖ਼ੀਰ 'ਤੇ ਆਪਣਾ ਨਾਂ ਜੋੜ ਕੇ 'ਆਪਣੀ' ਬਣਾ ਲੈਂਦੇ। ਇਹਨਾਂ ਵਿਚੋਂ ਮਾਝੇ ਦੇ ਕਈ ਨਾਮੀ ਕਵੀਸ਼ਰ ਵੀ ਇਹ 'ਕੰਮ' ਕਰ ਲੈਂਦੇ ਸਨ। ਜਿਹੜਾ ਛੰਦ ਜੋਗਾ ਸਿੰਘ ਜੋਗੀ ਨੇ ਅੱਜ ਸੁਣਾਇਆ ਸੀ, ਇਹ ਤਾਂ ਅਸੀਂ ਸੈਂਕੜੇ ਵਾਰ ਕਵੀਸ਼ਰਾਂ ਕੋਲੋਂ ਸੁਣ ਚੁੱਕੇ ਸਾਂ, ਪਰ ਮੈਨੂੰ ਅੱਜ ਪਤਾ ਲੱਗਾ ਸੀ ਕਿ ਇਹ ਕਰਨੈਲ ਸਿੰਘ ਪਾਰਸ ਦਾ ਲਿਖਿਆ ਹੋਇਆ ਸੀ। ਤੇ ਉਸਤੋਂ ਵੀ ਵੱਡੀ ਹੈਰਾਨੀ ਦੀ ਗੱਲ ਇਹ ਸੀ ਕਿ ਇਹ ਉਹਨੇ ਆਪਣੇ ਸਿਖਾਂਦਰੂ ਦੌਰ ਵਿੱਚ ਲਿਖਿਆ ਸੀ। ਪਾਰਸ ਦੱਸਦਾ ਸੀ ਇੱਕ ਵਾਰ ਮੁਕਤਸਰ ਮੇਲੇ 'ਤੇ ਉਸਨੇ ਮੋਹਨ ਸਿੰਘ ਰੋੜਿਆਂ ਵਾਲੇ ਦੇ ਜਥੇ ਦਾ ਪ੍ਰੋਗਰਾਮ ਸੁਣਿਆ; ਜੋ ਉਸਨੂੰ ਬਹੁਤ ਪਸੰਦ ਆਇਆ, ਤੇ ਉਹ ਮੋਹਨ ਸਿੰਘ ਨੂੰ ਮਿਲਣ ਦੀ ਠਾਣ ਕੇ ਉਸਦੇ ਰੂਬਰੂ ਜਾ ਹੋਇਆ।

ਉਹਨੇ ਮੋਹਨ ਸਿੰਘ ਨੂੰ ਆਪਣੀ ਲਿਖਣ ਦੀ ਰੁਚੀ ਬਾਰੇ ਦੱਸਿਆ ਤਾਂ ਮੋਹਨ ਸਿੰਘ ਨੇ ਉਹਨੂੰ ਆਪਣਾ ਲਿਖਿਆ ਕੁੱਝ ਸੁਣਾਉਣ ਲਈ ਕਿਹਾ। ਤੇ ਪਾਰਸ ਨੇ ਇਹ ਬੋਲ ਤੁਰੰਤ ਜੋੜਕੇ ਸੁਣਾ ਦਿੱਤੇ:

ਨਿੱਤ-ਨਿੱਤ ਕੱਠੀਆਂ ਨਾ ਹੋਣਾਂ ਰੂਹਾਂ ਨੇ,
ਗਤੀ ਦਾ ਆਉਂਦਾ ਵੇਗ ਨਹੀਂ,
ਬੰਦੇ ਮਿਲ ਪੈਣ ਮਿਲਣਾ ਨਹੀਂ ਖੂਹਾਂ ਨੇ,
ਸਕਦਾ ਹੋ ਨੇਮ ਨਹੀਂ,
ਵਸਦੇ ਜਹਾਨ 'ਚ।
ਭਰ ਦੇ ਮਿਠਾਸ ਸ਼ਾਇਰਾਂ ਦੀ ਜ਼ੁਬਾਨ 'ਚ।

ਆਪਣੇ ਪਹਿਲੇ ਦਿਨਾਂ ਵਿੱਚ ਹੀ ਏਨੀ ਉਚ-ਪਾਏ ਦੀ ਕਵਿਤਾ ਲਿਖਣਾ ਤੇ ਕਵਿਤਾ ਨੂੰ ਪਰਿਭਾਸ਼ਿਤ ਕਰਨਾ ਉਹਦੇ ਅੰਦਰ ਲੁਕੀ ਅਦੁੱਤੀ ਸ਼ਾਇਰਾਨਾ ਪ੍ਰਤਿਭਾ ਦਾ ਲਹਿਰੀਆ ਝਲਕਾਰਾ ਹੀ ਕਿਹਾ ਜਾ ਸਕਦਾ ਹੈ।

ਮੈਨੂੰ ਇਹ ਸਾਰਾ ਛੰਦ ਬਚਪਨ ਤੋਂ ਯਾਦ ਸੀ ਕਿਉਂਕਿ ਸਾਡੇ ਇਲਾਕੇ ਦੇ ਬਹੁਤੇ ਕਵੀਸ਼ਰ ਆਪਣਾ ਪ੍ਰਸੰਗ ਸ਼ੁਰੂ ਕਰਨ ਤੋਂ ਪਹਿਲਾਂ ਇਸਨੂੰ 'ਬੰਦਨਾਂ' ਦੇ ਰੂਪ ਵਿੱਚ ਗਾਉਂਦੇ ਸਨ।

ਇਹਨਾਂ ਸਤਰਾਂ ਦੀ ਗਹਿਰਾਈ ਵਿੱਚ ਉਤਰ ਕੇ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਕਵਿਤਾ ਕੀ ਹੁੰਦੀ ਹੈ? ਕਿਹੋ ਕਿਹੀ ਹੋਣੀ ਚਾਹੀਦੀ ਹੈ? ਕਿਨ੍ਹਾਂ ਵਾਸਤੇ ਹੋਣੀ ਚਾਹੀਦੀ ਏ? ਆਦਿ ਸਵਾਲਾਂ ਨਾਲ ਪਾਰਸ ਖੌਝਲਦਾ ਨਜ਼ਰ ਆਉਂਦਾ ਹੈ।

ਪਹਿਲੇ ਬੰਦ ਵਿੱਚ ਹੀ ਕਵੀ ਆਖਦਾ ਏ:

ਕਵਿਤਾ 'ਚ ਪਾਵਣੇ ਦੀ ਆ 'ਜੇ ਸੋਝੀ ਜੀ,
ਪੇਟੇ ਅਤੇ ਤਾਣੇ ਦੀ,
ਅੜੇ ਨਾ ਅੜੀ ਛੰਦਾਂ ਦੀ
ਲੱਗ 'ਜੇ ਸਭਾ 'ਚ ਫੁੱਲਝੜੀ ਛੰਦਾਂ ਦੀ।

ਕਵੀ ਨੂੰ ਇਸ ਗੱਲ ਦੀ ਬੁਨਿਆਦੀ ਸੋਝੀ ਹੈ ਕਿ 'ਪੇਟੇ-ਤਾਣੇ' ਤੋਂ ਬਿਨਾਂ, ਭਾਵ ਖ਼ਿਆਲਾਂ ਤੇ ਵਿਚਾਰਾਂ ਨੂੰ ਠੀਕ ਤਰਤੀਬ ਵਿੱਚ ਜੋੜਨ ਤੇ ਉਣਨ-ਬੁਣਨ ਤੋਂ ਬਿਨਾ ਕਵਿਤਾ ਦੀ ਉਸਾਰੀ ਨਹੀਂ ਹੋ ਸਕਦੀ। ਖ਼ਾਸ ਤੌਰ 'ਤੇ ਉਸ ਕਵਿਤਾ ਦੀ, ਜਿਸਨੂੰ ਸਭਾ ਵਿੱਚ ਗਾ ਕੇ ਲੋਕਾਂ ਦੇ ਮਨਾਂ ਵਿੱਚ ਜਜ਼ਬੇ ਤੇ ਉਤੇਜਨਾ ਦੀਆਂ ਫੁਲਝੜੀਆਂ ਲਿਸ਼ਕਾਉਣੀਆਂ ਹੋਣ। ਇਹ ਤਾਂ ਹੀ ਹੋ ਸਕਦਾ ਹੈ ਜੇ ਕਵਿਤਾ ਛੰਦ-ਬੱਧ ਵੀ ਹੋਵੇ ਤੇ ਛੰਦ ਵਿੱਚ ਅਜਿਹੀ ਰਵਾਨੀ ਵੀ ਹੋਵੇ ਕਿ ਬੋਲ ਕਿਤੇ ਅੜਦੇ ਨਾ ਜਾਪਣ। ਇਹਨਾਂ ਸਤਰਾਂ ਵਿੱਚ ਹੀ ਕਵੀ ਦਾ ਐਲਾਨਨਾਮਾ ਵੀ ਹੈ ਕਿ ਉਹਦੀ ਕਵਿਤਾ ਲੋਕਾਂ ਲਈ, ਲੋਕਾਂ ਦੀ ਸਭਾ ਵਿੱਚ ਗਾਈ ਤੇ ਸੁਣਾਈ ਜਾਣ ਵਾਲੀ ਹੈ, ਇਹ ਕੇਵਲ ਪੜ੍ਹਣ ਵਾਲੀ ਕਵਿਤਾ ਨਹੀਂ। ਇਹ ਕਵਿਤਾ ਸਰੋਤਾ-ਮੁਖੀ ਹੈ।

ਅਜਿਹੀ ਕਵਿਤਾ ਲਿਖਣ ਲਈ ਸੁਚੇਤ ਕੋਸ਼ਿਸ਼ ਕਰਨੀ ਪੈਂਦੀ ਹੈ। ਅਜਿਹੀ ਕਵਿਤਾ ਕੋਈ ਇਲਹਾਮ ਨਹੀਂ ਹੁੰਦੀ।

ਹੁਣ ਅਗਲੀਆਂ ਸਤਰਾਂ ਵੇਖੋ। ਇਹਨਾਂ ਸਤਰਾਂ ਵਿੱਚ ਕਵੀ ਆਪਣੀ ਰਚਨਾ-ਪ੍ਰਕਿਰਿਆ ਦੇ ਕਰਤਾਰੀ ਅਮਲ ਨਾਲ ਸਾਡੀ ਜਾਣ-ਪਛਾਣ ਕਰਵਾ ਰਿਹਾ ਹੈ।

ਨੱਪ ਸੁੱਚ ਗੱਡੀ ਤੋਰ 'ਤੀ ਸਟੇਸ਼ਨੋ,
ਵੇਖਿਆ 'ਸਿੰਗਲ' ਨਾ।
ਕਵਿਤਾ ਦੇ ਲੱਡੂ ਬਣੇ ਬਿਨਾਂ ਵੇਸਣੋਂ,
ਪੜ੍ਹਿਆ ਪਿੰਗਲ ਨਾ,
ਨਾ ਮੈਂ ਮਾਹਿਰ ਗਿਆਨ 'ਚ।
ਭਰ ਦੇ ਮਿਠਾਸ ਸ਼ਾਇਰਾਂ ਦੀ ਜ਼ਬਾਨ 'ਚ।

ਇਹਨਾਂ ਸਤਰਾਂ ਵਿੱਚ ਕਵੀ ਦਾ ਮੰਨਣਾ ਹੈ ਕਿ ਬੇਸ਼ੱਕ ਕਵਿਤਾ ਇਲਹਾਮ ਨਹੀਂ ਹੁੰਦੀ ਪਰ ਜਦੋਂ ਕਵੀ ਦੇ ਅੰਦਰਲਾ ਸ਼ਾਇਰ ਜਾਗਦਾ ਹੈ ਤੇ ਕਵਿਤਾ ਰਵਾਂ ਚਾਲ ਤੁਰਨਾ ਸ਼ੁਰੂ ਕਰਦੀ ਹੈ ਤਾਂ ਉਦੋਂ ਕਵਿਤਾ 'ਖ਼ੂਨ ਵਿੱਚ ਡੁੱਬ ਕੇ ਹੀ ਲਿਖੀ ਜਾਂਦੀ ਹੈ', ਉਦੋਂ ਬਹਿਰ, ਜਾਂ ਪਿੰਗਲ ਦੇ (ਸਿੰਗਲ) ਸਿਗਨਲ ਉਹਦੀ ਸ਼ਾਇਰੀ ਦੀ 'ਸ਼ੁਕ ਸ਼ੁਕ' ਭੱਜਦੀ ਗੱਡੀ ਨੂੰ ਰੋਕ ਨਹੀਂ ਸਕਦੇ।

ਉਦੋਂ 'ਬਿਨਾਂ ਵੇਸਣ ਤੋਂ ਕਵਿਤਾ ਦੇ ਲੱਡੂ' ਬਣਨ ਲੱਗਦੇ ਨੇ। ਕਰਤਾਰੀ ਅਮਲ ਵਿੱਚ ਪਿਆ ਕਵੀ ਨਿਹੋਂਦ ਵਿਚੋਂ ਹੋਂਦ ਸਿਰਜਦਾ ਹੈ। ਜਿਹੜੀ ਕਵਿਤਾ 'ਉੱਚੇ-ਨਸ਼ੱਤਰਾਂ' ਵਿੱਚ ਵੱਸਦੀ ਸੀ, ਉਹਨੇ ਉਹਨੂੰ ਸ਼ਬਦਾਂ ਵਿੱਚ ਬੰਨ੍ਹ ਕੇ ਕਾਗ਼ਜ਼ 'ਤੇ ਲੈ ਆਉਣਾ ਹੈ।

ਰਚਨਾ-ਪ੍ਰਕਿਰਿਆ ਦੇ ਇਸ ਬਿਆਨ ਵਿੱਚ ਕਵੀ ਜਦੋਂ ਨਿਮਰਤਾ ਸਹਿਤ 'ਪਿੰਗਲ' ਦੇ ਨਾ ਪੜ੍ਹੇ ਹੋਣ ਅਤੇ 'ਗਿਆਨ ਵਿੱਚ ਮਾਹਿਰ ਨਾ ਹੋਣ' ਦੀ ਗੱਲ ਕਬੂਲਦਾ ਹੈ ਤਾਂ ਉਹ ਅਸਲ ਵਿੱਚ ਇਹ ਗੱਲ ਤਸਲੀਮ ਕਰ ਰਿਹਾ ਹੈ ਕਿ ਕਵਿਤਾ ਲਿਖਣ ਲਈ ਕਾਵਿਕ-ਨੇਮਾਂ ਅਤੇ ਜ਼ਿੰਦਗੀ, ਦੋਵਾਂ ਦਾ, ਗਿਆਨ ਹੋਣਾ ਵੀ ਲਾਜ਼ਮੀ ਹੈ। ਪਰ ਜਦੋਂ ਸ਼ਾਇਰ ਲਿਖਣ ਦੇ ਆਲਮ ਵਿੱਚ ਡੁੱਬਾ ਹੁੰਦਾ ਏ ਉਦੋਂ ਜੀਵਨ ਤੇ ਕਵਿਤਾ ਲਿਖਣ ਦਾ ਗਿਆਨ, ਛੰਦ-ਪ੍ਰਬੰਧ ਤੇ ਸਾਰਾ ਕਾਵਿਕ-ਵਿਧਾਨ ਹੁੰਦਾ ਤਾਂ ਉਹਦੇ ਅੰਗ-ਸੰਗ ਹੀ ਹੈ, ਪਰ ਜ਼ਾਹਿਰਾ ਤੌਰ 'ਤੇ ਨਹੀਂ, ਸਗੋਂ ਪਿਛੋਕੜ ਵਿੱਚ ਰਹਿ ਕੇ ਕਵਿਤਾ ਦੇ ਆ ਰਹੇ ਵਹਾਓ ਨੂੰ ਆਪਣੇ ਆਪ ਹੀ ਤਰਤੀਬ ਤੇ ਤਰਾਸ਼ ਰਿਹਾ ਹੁੰਦਾ ਏ। ਇਸ ਵੇਲੇ ਉਹਦਾ ਸੁਚੇਤ ਅਤੇ ਅਵਚੇਤ ਦੋਵੇਂ ਲਗਾਤਾਰ ਸਹਿਜ ਸੰਜੋਗ ਵਿੱਚ ਵਿਚਰ ਰਹੇ ਹੁੰਦੇ ਨੇ। ਏਸੇ ਸਹਿਜ ਵਿਚੋਂ ਹੀ ਕਵਿਤਾ ਕੁੱਝ ਇਸ ਅੰਦਾਜ਼ ਵਿੱਚ ਫੁੱਟ ਨਿਕਲਦੀ ਹੈ ਕਿ ਖ਼ਿਆਲਾਂ ਦੀਆਂ ਸੰਦਲੀ ਪਟਾਰੀਆਂ ਖ਼ੁਸ਼ਬੂਆਂ ਖ਼ਿਲਾਰਦੀਆਂ ਖੁੱਲ੍ਹਣ ਲੱਗਦੀਆਂ ਨੇ ਤੇ ਸੁਰਤ ਦੇ ਬੰਦ ਝਰੋਖੇ ਵੀ ਖੁੱਲ੍ਹ ਜਾਂਦੇ ਹਨ। ਮਨ ਕਲਪਨਾ ਦੀਆਂ ਉਚੀਆਂ ਉਡਾਣਾ ਭਰਨ ਲੱਗਦਾ ਹੈ।

ਖੁੱਲ੍ਹਣ ਖ਼ਿਆਲਾਂ ਸੰਦਲ ਪਟਾਰੀਆਂ,
ਸੁਰਤੀ ਜਿਉਂ ਸੂਤਰ।
ਲਾਉਂਦਾ ਰਹਵੇ ਮਨ ਅਰਸ਼ੀ ਉਡਾਰੀਆਂ,
ਬਣ ਕੇ ਕਬੂਤਰ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਦੋਂ ਪਾਰਸ ਕਵਿਤਾ ਨੂੰ ਕਾਵਿ-ਸ਼ਾਸਤਰੀਆਂ ਵਾਂਗ ਪਰਿਭਾਸ਼ਿਤ ਕਰ ਰਿਹਾ ਸੀ, ਉਦੋਂ ਉਹਦੀ ਉਮਰ ਮਹਿਜ਼ ਚੌਦਾਂ-ਪੰਦਰਾਂ ਸਾਲ ਦੀ ਸੀ। ਦੂਜੀ ਗੱਲ ਇਹ ਕਿ ਮੈਂ ਇਹ ਕਵਿਤਾ ਪਾਰਸ ਦੀ ਲਿਖੀ ਕਿਸੇ ਕਿਤਾਬ ਜਾਂ ਕਿੱਸੇ ਵਿਚੋਂ ਪੜ੍ਹ ਕੇ ਨਹੀਂ ਲਿਖ ਰਿਹਾ, ਸਗੋਂ ਆਪਣੇ ਪੰਜਾਹ-ਪਚਵੰਜਾ ਸਾਲ ਪਹਿਲਾਂ ਦੇ ਚੇਤੇ ਵਿਚੋਂ ਕੱਢ ਕੇ ਲਿਖ ਰਿਹਾ ਹਾਂ। ਅੱਜ ਕੱਲ੍ਹ ਦੇ ਸ਼ਾਇਰ ਤਾਂ ਆਪਣੀ ਕਵਿਤਾ ਵੀ ਜ਼ਬਾਨੀ ਯਾਦ ਨਹੀਂ ਰੱਖ ਸਕਦੇ। ਜੇ ਕਿਤੇ ਸੁਣਾਉਣੀ ਪੈ ਜਾਵੇ ਤਾਂ ਆਪਣੀਆਂ ਕਿਤਾਬਾਂ ਦੇ ਵਰਕੇ ਫਰੋਲਣ ਲੱਗ ਜਾਂਦੇ ਨੇ।

ਬਾਕੀ ਅਗਲੇ ਅੰਕ ਵਿਚ

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Mike Randev
R.Gill
Tel : (403) 273-8889
Fax : (403) 273-8812
Insurance Claims
Courtesy Cars
All Work
Guaranteed
720 Moraine Road NE, Calgary, AB, T2A 2P3
Email: aclass@aclassautobady.ca

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇਂ ਨਾ ਡਰੋ!
"ਪੰਜਾਬੀ ਚੁੱਲ੍ਹੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫ਼ੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ਼ ਕਰਾਗੇਂ!

# ਵਿਟਾਮਿਨ ਸੀ ਦੀ ਕਿਉਂ ਜ਼ਰੂਰਤ ਹੈ ਮਨੁੱਖ ਨੂੰ ?





ਡਾ:ਸੁਖਵਿੰਦਰ ਸਿੰਘ ਬਰਾੜ
ਪ੍ਰਧਾਨ
ਹੈਲਥੀ ਲਾਈਫ਼ਸਟਾਈਲ ਨੌਲੇਜ਼ ਫਾਊਂਡੇਸ਼ਨ ਕੈਲਗਰੀ

ਸਿਹਤ ਹੈ ਤਾਂ ਜਹਾਨ ਹੈ। ਵਰਨਾ ਸਭ ਵੀਰਾਨ ਹੈ।।

ਕੀ ਮਨੁੱਖੀ ਸਰੀਰ ਚ ਵਿਟਾਮਿਨ ਸੀ ਦਾ ਨਾ ਬਣਨਾ ਇਕ ਨਿਰਮਾਣਕਾਰੀ ਨੁਕਸ ਹੈ ? ਜੀ ਹਾਂ। ਮਨੁੱਖ ਤੋਂ ਬਗੈਰ ਧਰਤੀ ਤੇ ਵੱਸਣ ਵਾਲੇ ਸਮੂਹ ਜਾਨਵਰ ਆਪਣੀ ਰੋਜ਼ਾਨਾ ਲੋੜ ਮੁਤਾਬਿਕ ਗੁਲੂਕੋਜ਼ ਤੋਂ ਵਿਟਾਮਿਨ ਸੀ ਬਣਾ ਲੈਂਦੇ ਹਨ ਅਤੇ ਕਿਸੇ ਬਿਮਾਰੀ ਜਾਂ ਅਣਸੁਖਾਵੀਂ ਘਟਨਾ ਦੀ ਹਾਲਤ ਚ ਇਸਦਾ ਉਤਪਾਦਨ ਵਧਾ ਵੀ ਸਕਦੇ ਹਨ। ਮਨੁੱਖ ਤੋਂ ਇਲਾਵਾ ਗਿਨੀ ਪਿੱਗ, ਫਲ ਖਾਣ ਵਾਲੇ ਚਮਗਿੱਦੜ, ਪੂਛਹੀਣ ਬਾਂਦਰ ਵੀ ਵਿਟਾਮਿਨ ਸੀ ਬਨਾਉਣ ਤੋਂ ਅਸਮਰਥ ਹਨ। ਸਾਇੰਸਦਾਨ ਇਸ ਘਾਟ ਨੂੰ ਮਹਿਜ਼ ਇਕ ਜੀਨ ਚ ਅਚਨਚੇਤ ਤਬਦੀਲੀ ਹੀ ਮੰਨਦੇ ਹਨ। ਬਹੁਤੇ ਵਿਗਿਆਨੀਆਂ ਦਾ ਇਕ ਮਤ ਇਹ ਵੀ ਹੈ ਕਿ ਜਿਹੜੇ ਜਾਨਵਰਾਂ ਦੀ ਖ਼ੁਰਾਕ ਵਿਟਾਮਿਨ ਸੀ ਭਰਪੂਰ ਫਲ਼ ਸਬਜ਼ੀਆਂ ਦੇ ਅਧਾਰਤ ਜ਼ਿਆਦਾ ਸੀ ਓਹਨਾਂ ਵਿਚ ਹੌਲੀ ਹੌਲੀ ਵਿਟਾਮਿਨ ਸੀ ਬਨਾਉਣ ਵਾਲਾ ਇਨਜ਼ਾਈਮ ਬਣਨਾ ਬੰਦ ਹੋ ਗਿਆ । ਕਿਉਂਕਿ ਉਹਨਾਂ ਨੂੰ ਵਾਧੂ ਵਿਟਾਮਿਨ ਸੀ ਦੀ ਜ਼ਰੂਰਤ ਹੀ ਨਹੀਂ ਸੀ। ਜਿਵੇਂ ਕਿ ਮਨੁੱਖੀ ਸਰੀਰ ਚੋਂ ਪੂਛ ਦਾ ਗਾਇਬ ਹੋ ਜਾਣਾ।

ਕਿਹੜੇ ਭੋਜਨ ਚ ਮਿਲਦਾ ਹੈ ਵਿਟਾਮਿਨ ਸੀ?

ਨਿੰਬੂ ਜਾਤੀ ਦੇ ਫ਼ਲ, ਅਮਰੂਦ, ਕਿਵੀ, ਪਪੀਤਾ, ਔਲਾ, ਗੁਲਾਬ ਦੀਆਂ ਡੋਡੀਆਂ, ਕੇਲ, ਬਰੌਕਲੀ, ਸ਼ਲਗਮ ਤੇ ਸਾਗ ਦੇ ਪੱਤੇ, ਸਟਰਾਬੈਰੀ, ਲੀਚੀ, ਸ਼ਿਮਲਾ ਤੇ ਲਾਲ ਮਿਰਚਾਂ ਆਦਿ।

ਸਕਰਵੀ : ਇਹ ਬਿਮਾਰੀ ਵਿਟਾਮਿਨ ਸੀ ਦੀ ਭਿਆਨਕ ਘਾਟ ਨਾਲ ਲੱਗਦੀ ਹੈ ਜਿਸ ਵਿਚ ਕੋਲੇਜਨ ਨਾ ਬਣਨ ਕਰਕੇ ਖੂਨ ਦੀਆਂ ਨਾੜੀਆਂ ਫਟਣ ਕਾਰਨ ਮੌਤ ਹੋ ਜਾਂਦੀ ਹੈ। ਇਸ ਤੋਂ ਇਲਾਵਾ ਅਨੇਕਾਂ ਹੋਰ ਬਿਮਾਰੀਆਂ ਦਾ ਵੀ ਵਿਟਾਮਿਨ ਸੀ ਦੀ ਘਾਟ ਨਾਲ ਸਾਹਮਣਾ ਕਰਨਾ ਪੈਂਦਾ ਹੈ। ਜਿਹਨਾਂ ਬਾਰੇ ਅਸੀਂ ਵਿਸਥਾਰ ਸਾਹਿਤ ਜਾਨਣ ਦੀ ਕੋਸ਼ਿਸ਼ ਕਰਾਂਗੇ।

ਜਿਸ ਤਰਾਂ ਦੀ ਸਾਡੀ ਖ਼ੁਰਾਕ ਹੈ ਮੈਨੂੰ ਨਹੀਂ ਲੱਗਦਾ ਕਿ ਅਸੀਂ ਵਿਟਾਮਿਨ ਸੀ ਦੀ ਰੋਜ਼ਾਨਾ ਦੀ ਜ਼ਰੂਰਤ ਸਿਰਫ਼ ਭੋਜਨ ਤੋਂ ਹੀ ਪੂਰੀ ਕਰ ਪਾਵਾਂਗੇ। ਸਾਨੂੰ ਵਿਟਾਮਿਨ ਸੀ ਗੋਲੀਆਂ, ਕੈਪਸੂਲ ਜਾਂ ਸਪਲੀਮੈਂਟਸ ਦਾ ਸਹਾਰਾ ਲੈਣਾ ਹੀ ਪੈਣਾ ਹੈ।

ਜਨਰਲ ਸਿਹਤ ਤੇ ਸੁਰੱਖਿਆ ਪ੍ਰਣਾਲੀ : ਸਾਡੀ ਰੋਜ਼ਾਨਾ ਸਿਹਤ ਤੰਦਰੁਸਤ ਰੱਖਣ ਲਈ ਵਿਟਾਮਿਨ ਸੀ ਦਾ ਬਹੁਤ ਯੋਗਦਾਨ ਹੈ। ਸਾਡੇ ਸਰੀਰ ਚ ਵੀ ਭੋਜਨ ਨੂੰ ਤੋੜਨ ਉਪਰੰਤ ਕੈਲਰੀਜ਼ ਨੂੰ ਭੱਠੀ ਵਾਂਗ ਮੱਚਣਾਂ ਪੈਂਦਾ ਹੈ ਤੇ ਜਿਸ ਕਾਰਨ ਕਈ ਤਰ੍ਹਾਂ ਦੇ ਜ਼ਹਿਰੀਲੇ ਪਦਾਰਥ ਪੈਦਾ ਹੋ ਜਾਂਦੇ ਹਨ । ਵਿਟਾਮਿਨ ਸੀ ਇਹਨਾਂ ਨੂੰ ਸੋਧ ਕੇ ਸਰੀਰ ਚੋਂ ਬਾਹਰ ਕੱਢਦਾ ਹੈ। ਸਾਡੀ ਸੁਰੱਖਿਆ ਪ੍ਰਣਾਲੀ ਵਿਟਾਮਿਨ ਸੀ ਤੋਂ ਬਗੈਰ ਆਧੂਰੀ ਹੈ ਤੇ ਕੰਮ ਹੀ ਨਹੀਂ ਕਰ ਸਕਦੀ। ਇਸ ਦੀ ਘਾਟ ਕਾਰਨ ਨਜ਼ਲਾ, ਜ਼ੁਕਾਮ, ਖਾਂਸੀ ਤੇ ਅਨੇਕਾਂ ਪ੍ਰਕਾਰ ਦੇ ਹੋਰ ਛੂਤ-ਛਾਤ ਦੇ ਰੋਗ ਲੱਗਣ ਦੀ ਸੰਭਾਵਨਾ ਵਧ ਜਾਂਦੀ ਹੈ।

ਵਿਟਾਮਿਨ ਸੀ ਵਾਇਰਸ, ਬੈਕਟੀਰੀਆ, ਉੱਲੀ ਆਦਿ ਹਰ ਜ਼ਰਮ ਨੂੰ ਖਤਮ ਕਰਨ ਦੀ ਸਮਰੱਥਾ ਰੱਖਦਾ ਹੈ। ਜਦੋਂ ਸਾਡੇ ਸਰੀਰ ਤੇ ਕਿਸੇ ਵੀ ਜੀਵਾਣੂ ਦਾ ਹਮਲਾ ਹੁੰਦਾ ਹੈ ਤਾ ਸਾਡੇ ਸਫ਼ੈਦ ਖ਼ੂਨ ਦੇ ਸੈਲ ਸਭ ਤੋਂ ਪਹਿਲਾਂ ਵਿਟਾਮਿਨ ਸੀ ਨੂੰ ਹੀ ਬੁਲਾਉਂਦੇ ਹਨ। ਜਦੋਂ ਵੀ ਸਾਨੂੰ ਕਿਸੇ ਪ੍ਰਕਾਰ ਦੀ ਐਲਰਜੀ, ਫਲੂ ਵਗੈਰਾ ਹੋ ਜਾਂਦਾ ਹੈ ਤਾਂ ਸੋਜ਼ਸ਼ ਘੱਟ ਕਰਨ ਲਈ ਸਾਨੂੰ ਐਂਟੀ ਹਿਸਟਾਮੀਨ ਦਿੱਤੇ ਜਾਂਦੇ ਹਨ ਜਦੋਂ ਕਿ ਵਿਟਾਮਿਨ ਸੀ ਇੱਕ ਕੁਦਰਤੀ ਐਂਟੀਹਿਸਟਾਮੀਨ ਹੈ।

ਹੱਡੀਆਂ, ਮਾਸ ਤੇ ਜੋੜਾਂ ਦੇ ਰੋਗ : ਵਿਟਾਮਿਨ ਸੀ ਕੌਲੇਜਨ ਬਣਾਉਂਦਾ ਹੈ ਤੇ ਕੌਲੇਜਨ ਤੋਂ ਬਗੈਰ ਹੱਡੀਆਂ, ਜੋੜ, ਦੰਦ, ਮਾਸ ਪੇਠੀਆਂ,ਖੂਨ ਲਿਜਾਣ ਵਾਲੀਆਂ ਤੇ ਅਨੇਕਾਂ ਸੂਖਸ਼ਮ ਨਾੜੀਆਂ ਨਹੀਂ ਬਣ ਸਕਦੀਆਂ।

ਜ਼ਖਮ, ਸੱਟ ਜਾਂ ਅੱਗ ਦੇ ਸੜਣ ਲਈ : ਕਿਸੇ ਪ੍ਰਕਾਰ ਦੇ ਜ਼ਖਮ ਲੱਗਣਾ, ਸੱਟ ਵੱਜਨੀ, ਅੱਗ ਚ ਝੁਲਸਣਾ, ਜਾਂ ਚਮੜੀ ਤੇ ਝਰੀਟਾਂ ਪੈਣ ਉਪ੍ਰੰਤ ਤੁਰੰਤ ਵਿਟਾਮਿਨ ਸੀ ਪ੍ਰਯੋਗ ਕਰਨ ਨਾਲ ਬਹੁਤ ਜਲਦੀ ਆਰਾਮ ਮਿਲਦਾ ਹੈ। ਇਹ ਟੁੱਟੀਆਂ ਹੱਡੀਆਂ ਗੰਢਣ ਲਈ ਤਾਂ ਰਾਮਬਾਣ ਦਾ ਕੰਮ ਕਰਦਾ ਹੈ।

ਅੱਖਾਂ ਦੇ ਰੋਗ : ਵਿਟਾਮਿਨ ਸੀ ਚਿੱਟਾ ਮੋਤੀਆ, ਕਾਲਾ ਮੋਤੀਆਂ ਜਾਂ ਕਿਸੇ ਵੀ ਅੱਖਾਂ ਦੇ ਰੋਗ ਲਈ ਬਹੁਤ ਹੀ ਸਹਾਈ ਹੁੰਦਾ ਹੈ ਕਿਉਂਕਿ ਇਹ ਸੋਜ਼ਸ਼ ਘੱਟ ਕਰਕੇ ਤੇ ਜ਼ਹਰੀਲੇ ਰਸਾਇਣ ਬਾਹਰ ਕੱਢਦਾ ਹੈ ਤੇ ਅੱਖਾਂ ਦੀਆਂ ਸੂਖਸ਼ਮ ਨਾੜੀਆਂ ਨੂੰ ਤੰਦਰੁਸਤ ਰੱਖਦਾ ਹੈ।

ਕੈਂਸਰ ਰੋਗ : ਸਾਡੇ ਸਰੀਰ ਚ ਰੋਜ਼ਾਨਾ ਕੈਂਸਰ ਦੇ ਸੈੱਲ ਬਣਦੇ ਤੇ ਨਸ਼ਟ ਹੁੰਦੇ ਰਹਿੰਦੇ ਹਨ ਬਸ਼ਰਤੇ ਕਿ ਸਾਡਾ ਇਮੂਅਨ ਸਿਸਟਮ ( ਸੁਰੱਖਿਆ ਪ੍ਰਣਾਲੀ) ਠੀਕ ਕੰਮ ਕਰਦੀ ਹੋਵੇ। ਵਿਟਾਮਿਨ ਸੀ ਸੁਰੱਖਿਆ ਪ੍ਰਣਾਲੀ ਦੀ ਜਿੰਦ ਜਾਨ ਤੇ ਰੀੜ੍ਹ ਦੀ ਹੱਡੀ ਹੈ। ਵਿਟਾਮਿਨ ਸੀ ਦੀ ਉੱਚੀ ਖ਼ੁਰਾਕ ਖਾਸ ਤੌਰ ਤੇ ਲਿਪੋਸੋਮਲ ਵਿਟਾਮਿਨ ਸੀ ਬਹੁਤ ਹੀ ਪ੍ਰਭਾਵਸ਼ਾਲੀ ਸਿੱਧ ਹੋਇਆ ਹੈ। ਵਿਟਾਮਿਨ ਸੀ ਕੈਂਸਰ ਨੂੰ ਦੂਸਰੇ ਅੰਗਾਂ ਚ ਵਧਣ ਤੋਂ ਵੀ ਰੋਕਦਾ ਹੈ ਤੇ ਕੈਂਸਰ ਸੈਲਾਂ ਨੂੰ ਆਪ ਮੁਹਾਰੇ ਮੌਤ ਕਰਨ ਲਈ ਵੀ ਮਜ਼ਬੂਰ ਕਰਦਾ ਹੈ।

ਦਿਲ ਦੇ ਰੋਗ : ਵਿਟਾਮਿਨ ਸੀ ਵੈਸੇ ਤਾਂ ਅਨੇਕਾਂ ਕਿਸਮ ਦੀਆਂ ਨਾੜੀਆਂ ਬਣਾਉਂਦਾ ਹੈ ਤੇ ਇਹਨਾਂ ਨੂੰ ਸੁਰੱਖਿਅਤ ਵੀ ਰੱਖਦਾ ਹੈ ਮਗਰ ਦਿਲ ਦੀਆਂ ਨਾੜੀਆਂ ਵਿਸ਼ੇਸ਼ ਤੌਰ ਤੇ ਜਿਹੜੀਆਂ ਦਿਲ ਨੂੰ ਬਲੱਡ ਸਪਲਾਈ ਕਰਦੀਆ ਹਨ ਵਧੇਰੇ ਆਕਸੀਡੇਟਿਵ ਸਟਰੈਸ ਹੇਠ ਰਹਿੰਦੀਆਂ ਹਨ ਤੇ ਜਲਦੀ ਟੁੱਟਣ ਲਗਦੀਆ ਹਨ। ਜੇਕਰ ਵਿਟਾਮਿਨ ਸੀ ਰੋਜ਼ਾਨਾ ਖ਼ੁਰਾਕ ਤੇ ਸਪਲੀਮੈਂਟਸ ਰਾਹੀਂ ਲੈਂਦੇ ਰਹੀਏ ਤਾਂ ਟੁੱਟ ਭੱਜ ਰੈਗੂਲਰ ਠੀਕ ਹੁੰਦੀ ਰਹਿੰਦੀ ਹੈ ਨਹੀਂ ਤਾਂ ਇਸ ਦੀ ਘਾਟ ਦੀ ਸਥਿੱਤੀ ਚ ਸਾਡਾ ਸਰੀਰ ਵਾਧੂ ਕੋਲੈਸਟਰੋਲ ਬਣਾਕੇ ਕਮਜ਼ੋਰ ਹੋਈਆਂ ਨਾੜੀਆਂ ਨੂੰ ਪਲੱਗ ਕਰਨ ਦੀ ਕੋਸ਼ਿਸ਼ ਕਰਦਾ ਹੈ। ਕੋਲੈਸਟਰੋਲ ਤਾਂ ਸਾਡਾ ਮਿੱਤਰ ਹੈ ਜਿਹੜਾ ਕਿ ਸਾਨੂੰ ਬਲੀਡਿੰਗ ਨਾਲ ਹੋਣ ਵਾਲੀ ਮੌਤ ਤੋਂ ਬਚਾਉਂਦਾ ਹੈ ਤੇ ਸਾਨੂੰ ਜੀਵਨ ਦਾਤ ਬਖਸ਼ਦਾ ਹੈ। ਸਾਨੂੰ ਥੋੜ੍ਹਾ ਸਮਾਂ ਹੋਰ ਜਿੰਦਾ ਰੱਖਦਾ ਹੈ ਸਿਰਫ਼ ਇਸ ਆਸ ਨਾਲ ਕਿ ਸ਼ਾਇਦ ਇਸ ਬੰਦੇ ਨੂੰ ਸਮੱਤ ਆ ਜਾਵੇ ਤੇ ਵਿਟਾਮਿਨ ਸੀ ਭਰਪੂਰ ਤੰਦਰੁਸਤ ਭੋਜਨ ਇਸਤੇਮਾਲ ਕਰਕੇ ਦੁਬਾਰਾ ਦਿਲ ਨੂੰ ਠੀਕ ਕਰ ਲਵੇ। ਬਹੁਤ ਤਰਾਸਦੀ ਹੈ ਕਿ ਡਾਕਟਰ ਸਾਹਿਬਾਨ ਨਾੜੀਆਂ ਨੂੰ ਠੀਕ ਕਰਨ ਦੀ ਬਜਾਏ ਕੋਲੈਸਟਰੋਲ ਨੂੰ ਹੀ ਘੱਟ ਕਰੀ ਜਾਂਦੇ ਹਨ। ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਦਿਲ ਦੇ ਰੋਗ ਕੋਲੈਸਟਰੋਲ ਵਧਣ ਨਾਲ ਨਹੀਂ ਬਲਕਿ ਮੈਗਨੀਸ਼ੀਅਮ, ਵਿਟਾਮਿਨ ਸੀ, ਡੀ ਤੇ ਕੇ 2 ਦੀ ਘਾਟ ਕਾਰਨ ਕੈਲਸ਼ੀਅਮ ਨਾੜੀਆਂ ਚ ਜੰਮਣ ਕਾਰਨ ਹੀ ਹੁੰਦੇ ਹਨ।

ਜਿਹੜੇ ਲੋਕ ਰੀਫਾਈਂਡ ਤੇਲ ਜਾਂ ਇਹਨਾਂ ਤੋਂ ਬਣੇ ਪਕਵਾਨ, ਸਫ਼ੈਦ ਖੰਡ, ਲੂਣ, ਆਟੇ ਆਦਿ ਦਾ ਜ਼ਿਆਦਾ ਇਸਤੇਮਾਲ ਕਰਦੇ ਹਨ ਉਨ੍ਹਾਂ ਦੇ ਸਰੀਰ ਚ ਕੋਲੈਸਟਰੋਲ ਔਕਸੇਡਾਈਜ਼ ਹੋਣ ਕਾਰਨ ਨੁਕਸਾਨ ਕਰ ਸਕਦਾ ਹੈ ਤੇ ਵਿਟਾਮਿਨ ਸੀ ਕੋਲੈਸਟਰੋਲ ਨੂੰ ਔਕਸੀਡਾਈਜ਼ ਹੋਣ ਤੋਂ ਬਚਾਉਂਦਾ ਹੈ।

ਫੇਫੜਿਆਂ ਦੇ ਰੋਗ : ਵਿਟਾਮਿਨ ਸੀ ਫੇਫੜਿਆਂ ਨੂੰ ਤੰਦਰੁਸਤ ਰੱਖਦਾ ਹੈ ਤੇ ਸਾਰੇ ਸਰੀਰ ਚ ਔਕਸੀਜਨ ਸਪਲਾਈ ਨੂੰ ਨਿਰਵਿਘਨ ਬਰਕਰਾਰ ਰੱਖਦਾ ਹੈ। ਦਮੇ ਦੇ ਰੋਗੀਆਂ ਚ ਅਕਸਰ ਹੀ ਵਿਟਾਮਿਨ ਦੀ ਘਾਟ ਪਾਈ ਜਾਂਦੀ ਹੈ। ਦਮੇ ਦੀ ਸ਼ਿਕਾਇਤ ਹਿਸਟਾਮੀਨ ਨਾਮ ਦਾ ਰਸਾਇਣ ਬਣਨ ਕਾਰਨ ਹੁੰਦੀ ਹੈ । ਵਿਟਾਮਿਨ ਸੀ ਹਿਸਟਾਮੀਨ ਨੂੰ ਘਟਾਉਂਦਾ ਹੈ ਤੇ ਫੇਫੜਿਆ ਵਿਚਲੀ ਸ਼ੋਜ਼ਸ਼ ਨੂੰ ਵੀ ਠੀਕ ਕਰਦਾ ਹੈ।



ਸੂਗਰ ਰੋਗ : ਵਿਟਾਮਿਨ ਸੀ ਬਲੱਡ ਚ ਗੁਲੂਕੋਜ਼ ਨੂੰ ਵੀ ਸਥਿਰ ਰੱਖਦਾ ਹੈ ਅਤੇ ਇਸ ਨੂੰ ਹੇਮੋਗਲੋਬਿਨ ਪ੍ਰੋਟੀਨ ਨਾਲ ਜੁੜਨ ਤੋਂ ਵੀ ਬਚਾਉਂਦਾ ਹੈ। ਜਿਸ ਕਾਰਨ ਬਲੱਡ ਸਰਕੂਲੇਸ਼ਨ ਚ ਵਾਧਾ ਹੁੰਦਾ ਹੈ ਤੇ ਸ਼ੂਗਰ ਰੋਗਾਂ ਦੇ ਮਰੀਜ਼ਾਂ ਲਈ ਹੋਰ ਅਣਸੁਖਾਵੇਂ ਸਾਈਡ ਅਫੈਕਟਸ ਤੋਂ ਵੀ ਰਾਹਤ ਦਵਾਉਂਦਾ ਹੈ।

ਕਿਡਨੀ ਸਟੋਨਜ਼ : ਵਿਟਾਮਿਨ ਸੀ ਗੁਰਦ ਅਤੇ ਗਾਲਬਲੈਡਰ ਦੀ ਪੱਥਰੀ ਨੂੰ ਖੋਰ ਖੋਰ ਕੇ ਸਰੀਰ ਚੋਂ ਬਾਹਰ ਕੱਢਦਾ ਹੈ।

ਨਿਮੂਨੀਆ : ਕਈ ਬਾਰ ਬੈਕਟੀਰੀਅਲ ਇੰਨਫੈਕਸ਼ਨ ਵਿਗੜ ਕਾਰਨ ਨਿਮੂਨੀਆ ਦੀ ਸ਼ਕਲ ਧਾਰਨ ਕਰ ਜਾਂਦੀ ਹੈ । ਇਸ ਸਥਿਤੀ ਚ ਵੱਧ ਮਾਤਰਾ ਵਿਟਾਮਿਨ ਸੀ ਮੱਦਦ ਕਰ ਸਕਦਾ ਹੈ। ਇਸ ਤੋਂ ਇਲਾਵਾ ਹੈਪੇਟਾਈਟਸ, ਏਡਜ਼ ਤੇ ਕੋਈ ਵੀ ਵਾਇਰਸ ਸਬੰਧੀ ਰੋਗ ਨਹੀਂ ਹੈ ਜਿਸ ਨੂੰ ਵਿਟਾਮਿਨ ਸੀ ਨਾ ਠੀਕ ਕਰ ਸਕਦਾ ਹੋਵੇ। ਇੱਥੋਂ ਤੱਕ ਕਿ ਪੀਲੀਆ ਰੋਗ, ਬੁਖਾਰ ਤੇ ਲਿਵਰ ਵਧਣਾ ਵੀ ਵਿਟਾਮਿਨ ਸੀ ਠੀਕ ਕਰਦਾ ਹੈ। ਖਸਰਾ, ਛੋਟੀ ਚੇਚਕ, ਕਨੇਡੂ ਆਦਿ ਤਾਂ 3-4 ਦਿਨਾਂ ਅੰਦਰ ਹੀ ਮਿਟ ਜਾਂਦੇ ਹਨ।

ਵਾਇਰਲ ਨਿਮੂਨੀਆ, ਟੈਟੇਨਸ, ਸੱਪ ਦਾ ਜ਼ਹਿਰ, ਖੁੰਬ ਜ਼ਹਿਰ, ਭਾਰੀਆਂ ਧਾਤਾਂ ਦਾ ਜ਼ਹਿਰ, ਮੱਕੜੀ ਦਾ ਜ਼ਹਿਰ ਜਾਂ ਕਿਸੇ ਪ੍ਰਕਾਰ ਦੇ ਕੀਟਨਾਸ਼ਕ, ਨਦੀਨਨਾਸ਼ਕ ਜ਼ਹਿਰ ਚੜ੍ਹ ਗਿਆ ਹੋਵੇ ਤਾਂ ਤੁਰੰਤ ਵਿਟਾਮਿਨ ਸੀ ਦੀ ਜ਼ਿਆਦਾ ਮਾਤਰਾ ਬੇਅਸਰ ਕਰ ਦਿੰਦੀ ਹੈ।

ਜਦੋਂ ਕਦੇ ਵੀ ਦੰਦਾ ਦੇ ਡਾਕਟਰ ਪਾਸ ਕਿਸੇ ਕਿਸਮ ਦਾ ਡੈਂਟਲ ਵਰਕ ਕਰਾਉਣ ਜਾਣਾ ਹੋਵੇ ਵਿਟਾਮਿਨ ਸੀ ਲੈਣਾ ਨਾ ਭੁੱਲੋ ਕਿਉਂ ਕਿ ਇਹ ਦੰਦਾਂ ਦੀ ਜ਼ਹਿਰੀਲੀ ਟਰੀਟਮੈਂਟ ਨੂੰ ਬੇਅਸਰ ਕਰਕੇ ਕਿਸੇ ਕਿਸਮ ਦੀ ਇਨਫੈਕਸ਼ਨ ਤੇ ਮਸੂੜੇ ਰੋਗ ਤੋਂ ਵੀ ਬਚਾਉਂਦਾ ਹੈ।

ਸਰੀਰਕ, ਮਾਨਸਿਕ ਜਾਂ ਕਿਸੇ ਕਿਸਮ ਦੇ ਤਣਾਓ ਦੀ ਹਾਲਤ ਚ ਸਾਡਾ ਸਰੀਰ ਅਧਿਕ ਮਾਤਰਾ ਚ ਕਾਰਟੀਸੋਲ ਬਹੁਤ ਬਣਾਉਂਦਾ ਹੈ ਅਤੇ ਜੇਕਰ ਸਰੀਰ ਚ ਜ਼ਿਆਦਾ ਦੇਰ ਰਹਿ ਜਾਵੇ ਤਾਂ ਅਨੇਕਾਂ ਰੋਗ ਪੈਦਾ ਕਰਦਾ ਹੈ। ਵਿਟਾਮਿਨ ਸੀ ਬੜੀ ਆਸਾਨੀ ਨਾਲ ਕਾਰਟੀਸੋਲ ਨੂੰ ਪ੍ਰਭਾਵਹੀਣ ਕਰਕੇ ਤੰਦਰੁਸਤੀ ਬਖਸ਼ਦਾ ਹੈ। ਵਿਟਾਮਿਨ ਸੀ ਤਾਂ ਸਰੀਰ ਦੇ ਰੋਮ ਰੋਮ ਲਈ ਅਤੀ ਜ਼ਰੂਰੀ ਹੈ। ਸਰੀਰ ਦਾ ਕੋਈ ਵੀ ਅੰਗ ਵਿਟਾਮਿਨ ਸੀ ਤੋਂ ਬਗੈਰ ਤੰਦਰੁਸਤ ਨਹੀਂ ਰਹਿ ਸਕਦਾ।

ਪੋਲੀਓ : ਕੀ ਵਿਟਾਮਿਨ ਸੀ ਪੋਲੀਓ ਦੇ ਰੋਗ ਨੂੰ ਵੀ ਠੀਕ ਕਰ ਸਕਦਾ ਹੈ? ਜੀ ਹਾਂ ਡਾਕਟਰਾਂ ਨੇ ਅਨੇਕਾਂ ਹੀ ਪੋਲੀਓ ਦੇ ਰੋਗੀ ਅਧਿਕਤਮ ਮਾਤਰਾ ਨਾਲ ਬੜੀ ਸਫ਼ਲਤਾ ਨਾਲ ਪੂਰਨ ਤੌਰ ਤੇ ਠੀਕ ਕੀਤੇ ਹਨ। ਯਾਦ ਰਹੇ ਕਿ ਇਹਨਾਂ ਰੋਗਾਂ ਲਈ ਵਿਟਾਮਿਨ ਸੀ ਦੀ ਮਾਤਰਾ 100-150 ਗ੍ਰਾਮ ਤੱਕ ਆਈਵੀ ( ਖ਼ੂਨ ਦੀਆਂ ਨਾੜਾਂ ਰਾਹੀਂ) ਇਸਤੇਮਾਲ ਕੀਤੀ ਜਾਂਦੀ ਹੈ।

ਡਾਕਟਰ ਲੀਨਸ ਪਾਂਲਿੰਗ ਦੁਨੀਆਂ ਭਰ ਚ ਇਕੱਲੇ ਐਸੇ ਸਾਇੰਸਦਾਨ ਸਨ ਜਿਹਨਾਂ ਨੂੰ ਦੋ ਬਾਰ ਨੋਬੇਲ ਪ੍ਰਾਈਜ਼ ਨਾਲ ਨਿਵਾਜ਼ਿਆ ਜਾ ਚੁੱਕਾ ਹੈ ਵਿਟਾਮਿਨ ਸੀ ਦੇ ਮਾਹਿਰ ਸਨ ਤੇ ਅਧਿਕ ਡੋਜ਼ ਨਾਲ ਸੈਂਕੜੇ ਕੈਂਸਰ ਦੇ ਮਰੀਜ਼ ਠੀਕ ਕਰ ਚੁੱਕੇ ਹਨ। ਵਿਟਾਮਿਨ ਸੀ ਨੂੰ ਇੱਕ ਮਹਿਜ਼ ਵਿਟਾਮਿਨ ਕਹਿਣਾ ਤਾਂ ਇਸ ਦੀ ਤੌਹੀਨ ਕਰਨ ਦੇ ਬਰਾਬਰ ਹੈ। ਤੰਦਰੁਸਤ ਭੋਜਨ ਇੱਕ ਦਵਾਈ ਹੈ। ਸਾਡਾ ਸਰੀਰ ਹਰ ਬਿਮਾਰੀ ਨਾਲ ਲੜਣ ਦੀ ਸਮਰੱਥਾ ਰੱਖਦਾ ਹੈ। ਸਾਡੇ ਸਰੀਰ ਅੰਦਰਲੇ ਡਾਕਟਰ ਨੂੰ ਪਹਿਚਾਣੋ ਇਸ ਤੋਂ ਵੱਡਾ ਡਾਕਟਰ ਅੱਜ ਤੱਕ ਪੈਦਾ ਹੀ ਨਹੀਂ ਹੋਇਆ ਤੇ ਨਾਂ ਹੀ ਹੋਣਾ ਹੈ। ਬੱਸ ਮੇਹਰਬਾਨੀ ਕਰਕੇ ਇਸ ਨੂੰ ਲੋੜੀਂਦੇ ਖ਼ੁਰਾਕੀ ਤੱਤ ਜ਼ਰੂਰ ਮੁਹੱਈਆ ਕਰਵਾ ਦਿਆ ਕਰੋ ਬਾਕੀ ਸਭ ਕੰਮ ਇਸ ਸੁੰਦਰ ਸਰੀਰ ਤੇ ਛੱਡ ਦੇਵੋ।

ਹੋਰ ਤਾਂ ਹੋਰ ਖੂਬਸੂਰਤ ਚਮੜੀ, ਬਾਲ, ਦੰਦ, ਨਹੁੰ, ਜੋੜ, ਡਿਸਕ, ਟੈਂਡਨ, ਲਿਗਾਮਿੰਟਸ, ਹੱਡੀਆਂ ਵਿਟਾਮਿਨ ਸੀ ਤੋਂ ਬਗੈਰ ਬਣ ਹੀ ਨਹੀਂ ਸਕਦੀਆਂ।

ਆਟੋਇਮੂਨ ਰੋਗ : ਟਾਈਪ 1 ਡਾਇਆਬੀਟੀਜ਼, ਮਲਟੀਪਲ ਸਕਲੈਰੋਸਿਸ, ਲੂਪਸ, ਥਾਇਰਾਡ ਰੋਗ, ਜੋੜਾਂ ਦਾ ਰੋਗ, ਆਦਿ ਉਦੋਂ ਹੀ ਲੱਗਦੇ ਹਨ ਜਦੋਂ ਸਾਡੀ ਸਰੱਖਿਆ ਪ੍ਰਣਾਲੀ ( ਇਮੂਅਨ ਸਿਸਟਮ) ਸਾਡੇ ਸਰੀਰ ਦੇ ਆਪਣੇ ਹੀ ਅੰਗਾਂ ਤੇ ਮਾਰੂ ਹਮਲਾ ਕਰਦਾ ਹੈ। ਇਹ ਉਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਸਾਡੇ ਰੈਗੂਲੇਟਰੀ ਟੀ ਸੈੱਲ ਠੀਕ ਤਰ੍ਹਾਂ ਕੰਮ ਨਹੀਂ ਕਰਦੇ। ਵਿਟਾਮਿਨ ਸੀ ਇਹਨਾਂ ਰੈਗੂਲੇਟਰੀ ਸੈੱਲਾਂ ਨੂੰ ਪਾਠ ਪੜ੍ਹਾਹ ਕੇ ਚੁਸਤ ਬਣਾਉਂਦਾ ਹੈ ਤੇ ਆਪਣੇ ਤੇ ਬੇਗਾਨੇ ਸੈੱਲਾਂ ਵਿਚਕਾਰ ਫ਼ਰਕ ਸਮਝਾਉਂਦਾ ਹੈ। ਹੈ ਨਾ ਇਕੱਲਾ ਸ਼ੇਰ ਵਿਟਾਮਿਨ ਸੀ ਜਿਹੜਾ ਸਭ ਆਟੋਇਮੂਨ ਬੀਮਾਰੀਆਂ ਨਾਲ ਲੜਦਾ ਹੈ। ਵਾਰੇ ਜਾਈਏ।।

ਵਿਟਾਮਿਨ ਸੀ ਦੀ ਮਾਤਰਾ :

ਜਨਰਲ ਸਿਹਤ ਲਈ 1000 ਮਿਲੀਗ੍ਰਾਮ ਪ੍ਰਤੀ ਦਿਨ, ਹੋਰ ਰੋਗਾਂ ਲਈ 2000 ਮਿਲੀਗ੍ਰਾਮ ਤੋਂ 10,000 ਮਿਲੀਗ੍ਰਾਮ ਪ੍ਰਤੀ ਦਿਨ

ਵਿਟਾਮਿਨ ਸੀ ਦੀਆਂ ਕਿਸਮਾਂ : ਐਸਕਾਰਬਿਕ ਐਸਿਡ, ਸੋਡੀਅਮ ਐਸਕਾਰਬੇਟ, ਪੋਟਾਅਸ਼ੀਅਮ ਐਸਕਾਰਬੇਟ

ਇਹਨਾਂ ਸਾਰੀਆਂ ਕਿਸਮਾਂ ਦੀ ਸਰੀਰ ਚ ਤੇ ਬਲੱਡ ਚ ਜਾਣ ਦੀ ਸਮਰੱਥਾ ਸਿਰਫ਼ 10-15 % ਹੀ ਹੈ। ਇੱਕ 1000 ਮਿਲੀਗ੍ਰਾਮ ਦੀ ਗੋਲੀ ਚੋਂ ਸਿਰਫ਼ 100-150 ਮਿਲੀਗ੍ਰਾਮ ਹੀ ਉਪਲਬਧ ਹੁੰਦਾ ਹੈ।

ਲਿਪੋਸੋਮਲ ਵਿਟਾਮਿਨ ਸੀ : ਇਹ ਇੱਕ ਨਵੀਂ ਈਜ਼ਾਦ ਹੋਈ ਵਿਧੀ ਨਾਲ ਤਿਆਰ ਕੀਤਾ ਜਾਂਦਾ ਹੈ ਜਿਸ ਵਿੱਚ ਵਿਟਾਮਿਨ ਸੀ ਦੇ ਇੱਕ ਇੱਕ ਕਣ ਨੂੰ ਲੈਸੀਥੀਨ ਚ ਲਪੇਟਿਆ ਜਾਂਦਾ ਹੈ ਤੇ ਕਣ ਬਰੀਕ ਹੋਣ ਕਾਰਣ ਬਲੱਡ ਚ ਲੱਗਭੱਗ 99% ਚਲਾ ਜਾਂਦਾ ਹੈ ਤੇ ਹਰ ਸੈੱਲ ਨੂੰ ਲੋੜੀਂਦੀ ਮਾਤਰਾ ਚ ਉਪਲਬਧ ਹੋ ਸਕਦਾ ਹੈ।

# ਡਾਲਰਾਂ ਵਾਲੇ ਲਿਫਾਫੇ ਦਾ ਮਾਲਿਕ ਲੱਭਣ ਲਈ ਪੁਲਿਸ ਦੀ ਤੁਸੀਂ ਵੀ ਮੱਦਦ ਕਰੋ !

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਆਮ ਤੌਰ ਤੇ ਅਜਿਹਾ ਹੁੰਦਾ ਹੈ ਕਿ ਪੁਲਿਸ ਚੋਰਾਂ ਡਾਕੂਆਂ ਜਾਂ ਅਪਰਾਧਿਕ ਬਿਰਤੀ ਵਾਲੇ ਲੋਕਾਂ ਦੀ ਭਾਲ ਕਰਦੀ ਹੀ ਵਿਖਾਈ ਦਿੰਦੀ ਹੈ ਪਰ ਇਹਨੀ ਦਿਨੀ ਲੈਥਬ੍ਰਿਜ ਪੁਲਿਸ ਇੱਕ ਅਜਿਹੇ ਵਿਅਕਤੀ ਜਾਂ ਔਰਤ ਨੂੰ ਲੱਭ ਰਹੀ ਹੈ ਜਿਸ ਨੇ ਆਪਣੀ ਬਹੁਤ ਸਾਰੀ ਨਕਦੀ ਗੁੰਮ ਕੀਤੀ ਹੈ। 5 ਸਤੰਬਰ ਨੂੰ, ਇੱਕ ਔਰਤ ਨੂੰ, ਜਦੋਂ ਉਸਦੀ ਗੱਡੀ ਸੀਨਿਕ ਡਰਾਈਵ ਸਾਊਥ ਦੇ 400 ਬਲਾਕ ਦੇ ਨਾਲ ਖੜੀ ਸੀ ਤਾਂ ਉਸਦੇ ਵਿੰਡਸ਼ੀਲਡ ਵਾਈਪਰ ਦੇ ਹੇਠਾਂ ਇੱਕ ਬੈਂਕ ਵਾਲਾ ਲਿਫ਼ਾਫ਼ਾ ਮਿਲਿਆ ਜਿਸ ਵਿੱਚ ਵੱਡੀ ਰਕਮ ਸੀ। ਤਾਂ ਉਸ ਔਰਤ ਨੇ ਪੁਲਿਸ ਕੋਲ ਇਹ ਲਿਫਾਫਾ ਪੁੱਜਦਾ ਕਰ ਦਿੱਤਾ । ਪੈਸੇ ਕਿਸ ਲਈ ਸਨ, ਇਸ ਬਾਰੇ ਕੋਈ ਨੋਟ ਜਾਂ ਸਪੱਸ਼ਟੀਕਰਨ ਨਹੀਂ ਸੀ, ਅਤੇ ਮਾਲਕ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਅਸਫਲ ਹੋ ਰਹੀਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਪੈਸੇ ਦਾ ਦਾਅਵਾ ਕਰਨ ਲਈ, ਮਾਲਕੀ ਦੇ ਸਬੂਤ ਦੀ ਲੋੜ ਹੁੰਦੀ ਹੈ। ਮਾਲਕ ਨੂੰ ਪੈਸੇ ਦੀ ਸਹੀ ਰਕਮ ਦੇ ਨਾਲ-ਨਾਲ ਬੈਂਕ ਦਾ ਲਿਫਾਫਾ ਕਿਸ ਵਿੱਤੀ ਸੰਸਥਾ ਤੋਂ ਆਇਆ ਹੈ, ਦੀ ਪੁਸ਼ਟੀ ਕਰਨੀ ਹੋਵੇਗੀ।

ਇਹ ਇੱਕ ਸਾਲ ਵਿੱਚ ਦੂਜੀ ਵਾਰ ਹੈ ਕਿ ਕਿਸੇ ਨੇ ਨਕਦੀ ਨਾਲ ਭਰਿਆ ਲਿਫਾਫਾ ਗੁਆ ਦਿੱਤਾ ਹੈ। ਪਿਛਲੇ ਸਾਲ ਨਵੰਬਰ ਵਿੱਚ, ਕਿਸੇ ਨੂੰ ਥਰਡ ਐਵੇਨਿਊ ਅਤੇ ਫਿਫਥ ਸਟ੍ਰੀਟ ਸਾਊਥ ਦੇ ਉੱਤਰ-ਪੂਰਬੀ ਕੋਨੇ ਵਿੱਚ ਵੀ ਪੈਸਿਆਂ ਨਾਲ ਭਰਿਆ ਇੱਕ ਲਿਫ਼ਾਫ਼ਾ ਪਿਆ ਮਿਲਿਆ ਸੀ। ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਕੀ ਉਹ ਪੈਸਾ ਕਦੇ ਇਸਦੇ ਸਹੀ ਮਾਲਕ ਨੂੰ ਵਾਪਸ ਕੀਤਾ ਗਿਆ ਹੋਵੇ।

ਜੇਕਰ ਤੁਸੀਂ ਵੀ ਕਿਸੇ ਵੀ ਵਿਅਕਤੀ ਜਾਂ ਔਰਤ ਨੂੰ ਜਾਣਦੇ ਹੋ ਜਿਸ ਨੇ ਆਪਣਾ ਡਾਲਰਾਂ ਨਾਲ ਭਰਿਆ ਲਿਫਾਫਾ ਗੁਆ ਲਿਆ ਹੋਵੇ ਤਾਂ ਲੈਥਬ੍ਰਿਜ ਪੁਲਿਸ ਪ੍ਰਾਪਰਟੀ ਅਤੇ ਪ੍ਰਦਰਸ਼ਨੀ ਯੂਨਿਟ ਨਾਲ 403-330-5009 'ਤੇ ਸੰਪਰਕ ਕਰਕੇ ਡਾਲਰਾਂ ਵਾਲੇ ਲਿਫਾਫੇ ਦਾ ਮਾਲਕ ਲੱਭਣ ਵਿੱਚ ਪੁਲਿਸ ਦੀ ਮੱਦਦ ਕਰ ਸਕਦੇ ਹੋ।

# 58 ਸਾਲਾ ਅਲੀ ਨੂੰ ਖਿੜਕੀ ਵਿੱਚੋਂ ਦੀ ਗੋਲੀ ਮਾਰਕੇ ਮਾਰ ਦਿੱਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਛੁਰੇਬਾਜੀ ਜਾਂ ਗੈਂਗਵਾਰ ਝਗੜਿਆਂ ਦੌਰਾਨ ਵਾਪਰਦੀਆਂ ਘਟਨਾਵਾਂ ਦੀ ਚਰਚਾ ਅਸੀਂ ਆਮ ਹੀ ਕਰਦੇ ਰਹਿੰਦੇ ਹਾਂ ਪਰ ਘਰ ਅੰਦਰ ਬੈਠਿਆਂ ਨੂੰ ਹੀ ਖਿੜਕੀ ਵਿੱਚੋਂ ਦੀ ਗੋਲੀ ਮਾਰ ਦਿੱਤੀ ਜਾਵੇ,ਅਜਿਹੀਆਂ ਖ਼ਬਰਾਂ ਵੀ ਕੈਲਗਰੀ ਖ਼ਬਰਨਾਮੇ ਦਾ ਹਿੱਸਾ ਹੁਣ ਬਣਦੀਆ ਜਾ ਰਹੀਆ ਹਨ। ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਪਾਈਨ ਰਿੱਜ ਦਾ ਇਲਾਕਾ ਪੈਂਦਾ ਹੈ ਜਿੱਥੇ ਸਾਡੇ ਪੰਜਾਬੀ ਭਾਈਚਾਰੇ ਦੀ ਵੱਸੋਂ ਵੀ ਵੱਡੀ ਗਿਣਤੀ ਵਿੱਚ ਹੈ। ਬੀਤੇ ਐਂਤਵਾਰ ਦੀ ਰਾਤ ਪੁਲਿਸ ਨੂੰ ਬੁਲਾਇਆ ਗਿਆ ਕਿ ਪਾਈਨਰਿੱਜ ਦੇ 65 ਸਟਰੀਟ ਦੇ 2000 ਬਲਾਕ ਵਿੱਚ ਕੋਈ ਅਣਸੁਖਾਵੀ ਘਟਨਾ ਵਾਪਰੀ ਹੈ। ਜਿਉਂ ਹੀ ਪੁਲਿਸ ਅਧਿਕਾਰੀ ਮੌਕੇ ਉੱਪਰ ਪੁੱਜੇ ਤਾਂ ਉਹਨਾਂ ਨੂੰ ਘਰ ਅੰਦਰ ਇੱਕ ਵਿਅਕਤੀ ਮ੍ਰਿਤਕ ਹਾਲਤ ਵਿੱਚ ਮਿਲਿਆ । ਪੁਲਿਸ ਅਨਸਾਰ ਉਸਨੂੰ ਖਿੜਕੀ ਵਿੱਚੋਂ ਦੀ ਗੋਲੀ ਮਾਰਕੇ ਮਾਰਿਆ ਗਿਆ ਹੈ। ਮੈਡੀਕਲ ਜਾਂਚ ਉਪਰੰਤ ਮਰਨ ਵਾਲੇ ਦੀ ਪਛਾਣ 58 ਸਾਲਾ ਅਲੀ ਸਾਲੇਤ ਵੱਜੋਂ ਹੋਈ ਹੈ। ਉਕਤ ਘਟਨਾ ਮੌਕੇ ਘਰ ਅੰਦਰ ਕੋਈ ਹੋਰ ਪਰਿਵਾਰ ਦਾ ਮੈਂਬਰ ਮੌਜੂਦ ਸੀ ਜਾਂ ਨਹੀਂ ਜਾਂ ਕਿਸੇ ਹੋਰ ਦੇ ਜਖ਼ਮੀ ਹੋਣ ਦੀ ਜਾਣਕਾਰੀ ਪੁਲਿਸ ਵੱਲੋਂ ਨਹੀਂ ਦਿੱਤੀ ਗਈ ।

# ਦੋ ਬਿਲਡਿੰਗਾਂ ਦੇ ਕਿਰਾਏਦਾਰ ਹੀ ਹੜਤਾਲ ਉੱਪਰ ਚਲੇ ਗਏ ਹਨ !

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਨੌਰਥਵੈਸਟ ਟੋਰਾਂਟੋ ਅਪਾਰਟਮੈਂਟ ਬਿਲਡਿੰਗਾਂ ਦੇ 100 ਤੋਂ ਵੱਧ ਕਿਰਾਏਦਾਰ ਹੜਤਾਲ ਉੱਤੇ ਚਲੇ ਗਏ। ਇਹ ਕਿਰਾਏਦਾਰ ਵੀ ਉਨ੍ਹਾਂ 500 ਰੈਜ਼ੀਡੈਂਟਸ ਦੇ ਨਾਲ ਜਾ ਰਲੇ ਹਨ ਜਿਹੜੇ ਗਰਮੀਆਂ ਦੀ ਸ਼ੁਰੂਆਤ ਤੋਂ ਹੀ ਕਿਰਾਇਆ ਰੋਕੀ ਬੈਠੇ ਹਨ। 1440 ਤੇ 1442 ਲਾਅਰੈਂਸ ਐਵਨਿਊ ਵੈਸਟ ਉੱਤੇ ਰਹਿਣ ਵਾਲੇ ਕਿਰਾਏਦਾਰਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਲੈਂਡਲੌਰਡ, ਬਾਰਨੇ ਰਿਵਰ ਇਨਵੈਸਟਮੈਂਟਸ ਨੇ ਇਸ ਬਿਲਡਿੰਗ ਵਿੱਚ ਮੁਰੰਮਤ ਦੇ ਕੰਮ ਨੂੰ ਗੰਭੀਰਤਾ ਨਾਲ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੇ ਨਾਲ ਹੀ ਇਨ੍ਹਾਂ ਕਿਰਾਏਦਾਰਾਂ ਦਾ ਇਹ ਦੋਸ਼ ਵੀ ਹੈ ਕਿ ਉਨ੍ਹਾਂ ਦਾ ਲੈਂਡਲੌਰਡ ਗਾਈਡਲਾਈਨਜ਼ ਤੋਂ ਵੱਧ ਕਿਰਾਇਆ ਲੈਣਾ ਚਾਹੁੰਦਾ ਹੈ। ਇਸ ਲਈ ਇਨ੍ਹਾਂ ਦੋ ਬਿਲਡਿੰਗਾਂ ਦੇ ਕਿਰਾਏਦਾਰ ਹੜਤਾਲ ਉੱਤੇ ਚਲੇ ਗਏ। ਪਿੱਛੇ ਜਿਹੇ ਟੋਰਾਂਟੋ ਦੀ ਮੇਅਰ ?ਲੀਵੀਆ ਚਾ? ਨੇ ਡਰੀਮ ਅਨਲਿਮਟਿਡ ਤੇ ਕਿਰਾਏਦਾਰਾਂ ਨੂੰ ਇਸ ਹਾਲਾਤ ਵਿੱਚ ਵਿਚੋਲਗੀ ਕਰਨ ਦਾ ਸੱਦਾ ਦਿੱਤਾ ਸੀ। ਕਿਰਾਏਦਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਲੈਂਡਲੌਰਡ ਇਸ ਪ੍ਰਕਿਰਿਆ ਲਈ ਤਿਆਰ ਨਹੀਂ ਹੈ ਤੇ ਇਸ ਦੀ ਥਾਂ ਉਸ ਨੇ ਘਰ ਖਾਲੀ ਕਰਨ ਦੇ ਨੋਟਿਸ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ।

# ਅਮਰੀਕਾ 'ਚ ਪੈਦਾ ਹੋਏ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਨਾਗਰਿਕਤਾ ਬੰਦ ਕਰਾਂਗਾ -ਵਿਵੇਕ ਰਾਮਾਸਵਾਮੀ

ਕੈਲੇਫੋਰਨੀਆਂ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰਾਂ ਦੀ ਦੂਜੀ ਬਹਿਸ 'ਚ ਉਮੀਦਵਾਰਾਂ ਨੂੰ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਲਗਾਤਾਰ ਵਧ ਰਹੀ ਆਬਾਦੀ ਨੂੰ ਰੋਕਣ ਬਾਰੇ ਪੁੱਛਿਆ ਗਿਆ। ਇਸ 'ਤੇ ਭਾਰਤੀ ਮੂਲ ਦੇ ਉਮੀਦਵਾਰ ਵਿਵੇਕ ਰਾਮਾਸਵਾਮੀ ਨੇ ਕਿਹਾ ਕਿ ਜੇਕਰ ਉਹ ਰਾਸ਼ਟਰਪਤੀ ਬਣਦੇ ਹਨ ਤਾਂ ਉਹ ਅਮਰੀਕਾ 'ਚ ਪੈਦਾ ਹੋਏ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਨਾਗਰਿਕਤਾ ਬੰਦ ਕਰ ਦੇਣਗੇ। ਉਨ੍ਹਾਂ ਨੇ ਇਸ ਮੁੱਦੇ 'ਤੇ ਆਪਣੇ ਵਿਰੋਧੀ ਟਰੰਪ ਦਾ ਰੁੱਖ ਅਪਣਾਇਆ ਹੈ। ਇਹ ਬਹਿਸ ਕੈਲੀਫੋਰਨੀਆ ਦੇ ਸਿਮੀ ਵੈਲੀ ਵਿੱਚ ਰੋਨਾਲਡ ਰੀਗਨ ਪ੍ਰੈਜ਼ੀਡੈਂਸ਼ੀਅਲ ਲਾਇਬ੍ਰੇਰੀ ਅਤੇ ਮਿਊਜ਼ੀਅਮ ਵਿੱਚ ਹੋਈ। ਬਹਿਸ ਵਿੱਚ ਰਾਮਾਸਵਾਮੀ, ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਅਤੇ ਨਿੱਕੀ ਹੇਲੀ ਸਮੇਤ ਛੇ ਹੋਰ ਉਮੀਦਵਾਰ ਵੀ ਸ਼ਾਮਲ ਸਨ। ਹਾਲਾਂਕਿ ਖੁਦ ਨੂੰ ਉਮੀਦਵਾਰ ਐਲਾਨਣ ਵਾਲੇ ਟਰੰਪ ਨਾ ਤਾਂ ਪਹਿਲੀ ਬਹਿਸ 'ਚ ਸ਼ਾਮਲ ਹੋਣ ਆਏ ਅਤੇ ਨਾ ਹੀ ਦੂਜੀ ਬਹਿਸ 'ਚ ਹਿੱਸਾ ਲਿਆ। ਇਸ ਦੇ ਬਾਵਜੂਦ ਸਾਰੀ ਬਹਿਸ ਉਸ ਦੇ ਆਲੇ-ਦੁਆਲੇ ਘੁੰਮਦੀ ਰਹੀ। ਵਿਵੇਕ ਰਾਮਾਸਵਾਮੀ ਨੇ ਇਹ ਵੀ ਕਿਹਾ ਹੈ ਕਿ ਉਹ ਰੂਸ ਵਿਰੁੱਧ ਜੰਗ ਵਿੱਚ ਯੂਕਰੇਨ ਦਾ ਸਮਰਥਨ ਨਹੀਂ ਕਰਨਗੇ। ਉਨ੍ਹਾਂ ਦਾ ਇਹ ਬਿਆਨ ਵੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਾਏ ਨਾਲ ਮੇਲ ਖਾਂਦਾ ਹੈ। ਬਹਿਸ ਦੌਰਾਨ ਰਾਮਾਸਵਾਮੀ ਨੇ ਕਿਹਾ- ਸਿਰਫ਼ ਕਿਉਂਕਿ ਰੂਸੀ ਰਾਸ਼ਟਰਪਤੀ ਪੁਤਿਨ ਤਾਨਾਸ਼ਾਹ ਹਨ, ਇਸਦਾ ਮਤਲਬ ਇਹ ਨਹੀਂ ਹੈ ਕਿ ਯੂਕਰੇਨ ਇੱਕ ਚੰਗਾ ਦੇਸ਼ ਹੈ। ਇਹ ਉਹ ਦੇਸ਼ ਹੈ ਜਿਸ ਦੀ ਸਰਕਾਰ ਨੇ ਆਪਣੇ ਦੇਸ਼ ਦੀਆਂ 11 ਵਿਰੋਧੀ ਪਾਰਟੀਆਂ 'ਤੇ ਪਾਬੰਦੀ ਲਗਾ ਦਿੱਤੀ ਹੈ।

# ਹੈਰੀ ਪੌਟਰ ਫਿਲਮਾਂ ਵਿੱਚ ਐਲਬਸ ਡੰਬਲਡੋਰ ਦੀ ਭੂਮਿਕਾ ਨਿਭਾਉਣ ਵਾਲੇ ਐਕਟਰ ਮਾਈਕਲ ਗੈਂਬਡਨ ਨਹੀਂ ਰਹੇ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਹੈਰੀ ਪੌਟਰ ਦੀਆਂ ਅੱਠ ਫਿਲਮਾਂ ਵਿੱਚੋਂ ਛੇ ਵਿੱਚ ਹੌਗਵਾਰਟਸ ਹੈੱਡਮਾਸਟਰ ਐਲਬਸ ਡੰਬਲਡੋਰ ਦੀ ਭੂਮਿਕਾ ਨਿਭਾਉਣ ਵਾਲੇ ਸੀਨੀਅਰ ਐਕਟਰ ਮਾਈਕਲ ਗੈਂਬਡਨ ਨਹੀਂ ਰਹੇ। ਉਹ 82 ਸਾਲਾਂ ਦੇ ਸਨ। ਉਨ੍ਹਾਂ ਦੇ ਪਰਿਵਾਰ ਤੇ ਪਬਲਿਸਿਸਟ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਉਸ ਦੀ ਮੌਤ ਨਿਮੋਨੀਆ ਕਾਰਨ ਹੋਈ। ਉਸ ਦੇ ਪਰਿਵਾਰ ਨੇ ਆਖਿਆ ਕਿ ਸਰ ਮਾਈਕਲ ਗੈਂਬਡਨ ਦੀ ਮੌਤ ਦਾ ਐਲਾਨ ਕਰਦੇ ਹੋਏ ਸਾਨੂੰ ਬਹੁਤ ਦੁੱਖ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਾਈਕਲ ਦੀ ਮੌਤ ਸਮੇਂ ਉਨ੍ਹਾਂ ਦੀ ਪਤਨੀ ਐਨ ਤੇ ਬੇਟਾ ਫਰਗੁਸ ਉਨ੍ਹਾਂ ਦੇ ਕੋਲ ਹੀ ਹਸਪਤਾਲ ਵਿੱਚ ਮੌਜੂਦ ਸਨ। ਪੰਜ ਦਹਾਕਿਆਂ ਵਿੱਚ ਭਾਵੇਂ ਮਾਈਕਲ ਨੇ ਕੋਈ ਵੀ ਭੂਮਿਕਾ ਨਿਭਾਈ ਹੋਵੇ ਹਮੇਸ਼ਾਂ ਉਨ੍ਹਾਂ ਦੀ ਡੂੰਘੀ ਆਵਾਜ਼ ਤੋਂ ਉਨ੍ਹਾਂ ਦੀ ਪਛਾਣ ਹੋ ਜਾਂਦੀ ਸੀ। 2002 ਵਿੱਚ ਹੈਰੀ ਪੌਟਰ ਵਿੱਚ ਡੰਬਲਡੋਰ ਦੀ ਭੂਮਿਕਾ ਨਿਭਾਉਣ ਵਾਲੇ ਰਿਚਰਡ ਹੈਰਿਸ ਦੀ ਮੌਤ ਹੋ ਜਾਣ ਤੋਂ ਬਾਅਦ ਮਾਈਕਲ ਵੱਲੋਂ ਹੀ ਡੰਬਲਡੋਰ ਦੀ ਭੂਮਿਕਾ ਨਿਭਾਈ ਜਾਂਦੀ ਰਹੀ। ਉਨ੍ਹਾਂ ਇੱਕ ਵਾਰੀ ਮੰਨਿਆ ਸੀ ਕਿ ਉਨ੍ਹਾਂ ਕਦੇ ਵੀ ਜੇ ਕੇ ਰਾਊਲਿੰਗ ਦੀ ਕੋਈ ਵੀ ਬੈਸਟ ਸੈਲਿੰਗ ਬੁੱਕ ਨਹੀਂ ਪੜ੍ਹੀ ਹੈ। ਆਇਰਲੈਂਡ ਵਿੱਚ 19 ਅਕਤੂਬਰ, 1940 ਨੂੰ ਪੈਦਾ ਹੋਏ ਗੈਂਬਡਨ ਦੀ ਪਰਵਰਿਸ਼ ਲੰਡਨ ਵਿੱਚ ਹੀ ਹੋਈ ਤੇ ਉਹ ਪੇਸ਼ੇ ਵਜੋਂ ਇੰਜੀਨੀਅਰ ਸਨ। ਉਨ੍ਹਾਂ ਆਪਣਾ ਥਿਏਟਰ ਡੈਬਿਊ ਡਬਲਿਨ ਵਿੱਚ ਓਥੈਲੋ ਤੋਂ ਕੀਤਾ।

# ਸ਼ਿਕਾਰੀ ਪੰਛੀ ਸੱਪਮਾਰ ਉਕਾਬ

ਗੁਰਮੀਤ ਸਿੰਘ*



ਸੱਪਮਾਰ ਉਕਾਬ ਵੱਡੇ ਅਤੇ ਛੋਟੇ ਸੱਪਾਂ ਦੀ ਖੋਜ ਕਰਨ ਵਾਲਾ ਇੱਕ ਮਾਹਿਰ ਸ਼ਿਕਾਰੀ ਪੰਛੀ ਹੈ। ਇਹ ਪਰਵਾਸੀ ਪੰਛੀ ਹੈ। ਇਸ ਨੂੰ ਪੰਜਾਬੀ ਵਿੱਚ ਸੱਪਮਾਰ ਉਕਾਬ, ਅੰਗਰੇਜ਼ੀ ਵਿੱਚ ਸ਼ੌਰਟ ਟੋਡ ਈਗਲ (Short Toed Eagle) ਅਤੇ ਹਿੰਦੀ ਵਿੱਚ ਸਾਂਪਮਾਰ ਕਹਿੰਦੇ ਹਨ। ਇਹ ਫਰਾਂਸ, ਇਟਲੀ ਅਤੇ ਸਪੇਨ ਸਮੇਤ ਦੱਖਣ-ਪੱਛਮੀ ਅਤੇ ਦੱਖਣ-ਪੂਰਬੀ ਯੂਰਪ ਵਿੱਚ ਵੀ ਪਾਇਆ ਜਾਂਦਾ ਹੈ। ਇਹ ਉੱਤਰ ਪੱਛਮੀ ਅਫ਼ਰੀਕਾ ਦੇ ਪੂਰਬ ਵੱਲ ਇਰਾਨ, ਇਰਾਕ, ਭਾਰਤ, ਪੱਛਮੀ ਚੀਨ ਵਿੱਚ ਵੀ ਪਾਇਆ ਜਾਂਦਾ ਹੈ। ਇਨ੍ਹਾਂ ਨੂੰ ਮੁੱਖ ਤੌਰ 'ਤੇ ਇਨ੍ਹਾਂ ਦਾ ਹੇਠਲਾ ਹਿੱਸਾ ਚਿੱਟਾ ਹੋਣ ਕਰਕੇ ਪਛਾਣਿਆ ਜਾ ਸਕਦਾ ਹੈ, ਉੱਪਰਲੇ ਹਿੱਸੇ ਸਲੇਟੀ ਭੂਰੇ ਹੁੰਦੇ ਹਨ। ਠੋਡੀ, ਗਲਾ ਅਤੇ ਛਾਤੀ ਦੇ ਉੱਪਰ ਵਾਲੀ ਥਾਂ ਫਿੱਕੇ ਭੂਰੇ ਰੰਗ ਦੀ ਹੁੰਦੀ ਹੈ। ਪੂਛ ਵਿੱਚ 3 ਜਾਂ 4 ਲਾਈਨਾਂ ਦੇ ਨਿਸ਼ਾਨ ਹੁੰਦੇ ਹਨ। ਇਸ ਦਾ ਸਿਰ ਉੱਲੂ ਵਰਗਾ ਗੋਲ ਅਤੇ ਅੱਖਾਂ ਚਮਕਦਾਰ ਪੀਲੀਆਂ ਹੁੰਦੀਆਂ ਹਨ। ਸੱਪਮਾਰ ਉਕਾਬ ਦਾ ਗੋਲ ਸਿਰ ਅਤੇ ਖੰਭ ਇਸ ਨੂੰ ਉੱਲੂ ਨਾਲੋਂ ਵੱਖ ਕਰਨ ਵਿੱਚ ਮਦਦ ਕਰਦੇ ਹਨ। ਇਸ ਦਾ ਔਸਤ ਭਾਰ 1.2 ਤੋਂ 2.5 ਕਿਲੋਗ੍ਰਾਮ ਅਤੇ ਲੰਬਾਈ 23 ਤੋਂ 31 ਇੰਚ ( 59 ਤੋਂ 78 ਸੈਂਟੀਮੀਟਰ) ਹੁੰਦੀ ਹੈ।

ਇਨ੍ਹਾਂ ਦੀ ਖੁਰਾਕ ਵਿੱਚ ਜ਼ਿਆਦਾਤਰ ਸੱਪ ਹੀ ਹੁੰਦੇ ਹਨ, ਪਰ ਇਹ ਹੋਰ ਜਾਨਵਰ ਜਿਵੇਂ ਕਿਰਲੀ, ਡੱਡੂ, ਪੰਛੀ ਤੇ ਛੋਟੇ ਥਣਧਾਰੀ ਜੀਵ ਵੀ ਖਾ ਲੈਂਦੇ ਹਨ। ਇਹ ਸੱਪ ਨੂੰ ਅਸਮਾਨ ਵਿੱਚ ਚੁੱਕ ਕੇ ਲੈ ਜਾਂਦੇ ਹਨ ਅਤੇ ਆਪਣੇ ਅਤੇ ਸੱਪ ਵਿਚਕਾਰ ਹੋਣ ਵਾਲੀ ਲੜਾਈ ਨੂੰ ਜੰਗ ਦੇ ਮੈਦਾਨ ਤੋਂ ਬਦਲ ਦਿੰਦੇ ਹਨ। ਸੱਪਮਾਰ ਉਕਾਬ ਦੇ 8 ਇੰਚ ਦੇ ਦੋਵਾਂ ਪੰਜਿਆਂ ਦੇ ਤਿੱਖੇ ਸੂਏ ਵਰਗੇ ਨਹੁੰ ਸੱਪ ਵਿੱਚ ਖੁਭਣ ਤੋਂ ਬਾਅਦ ਜ਼ਹਿਰੀਲਾ ਸੱਪ ਵੀ ਅਸਮਾਨ ਦੇ ਗੇੜੇ ਤੋਂ ਬਾਅਦ ਆਖ਼ਰੀ ਸੁਆਸਾਂ ਵਿੱਚ ਪੁੱਜ ਜਾਂਦਾ ਹੈ। ਇਹੋ ਕਾਰਨ ਹੈ ਕਿ ਸੱਪਮਾਰ ਉਕਾਬ ਖੁੱਲ੍ਹੀਆਂ ਥਾਵਾ ਵਿੱਚ ਰਹਿਣਾ ਪੰਸਦ ਕਰਦੇ ਹਨ ਜਿਵੇਂ ਕਿ ਕਾਸ਼ਤ ਕੀਤੇ ਮੈਦਾਨ, ਟਾਂਵੇ-ਟਾਂਵੇ ਰੁੱਖਾਂ ਵਾਲੇ ਘਾਹ ਦੇ ਮੈਦਾਨ, ਅਰਧ-ਮਾਰੂਥਲ ਖੇਤਰ ਅਤੇ ਤਲਹਟੀਆਂ ਥਾਵਾਂ ਆਦਿ।

ਸ਼ਕਤੀਸ਼ਾਲੀ ਉਡਾਣ ਭਰਨ ਵਾਲਾ ਉਕਾਬ ਪ੍ਰਜਣਨ ਦੇ ਦੌਰਾਨ ਉਚਾਈਆਂ 'ਤੇ ਉੱਡਦਾ ਹੈ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦਾ ਹੈ। ਨਰ ਉਕਾਬ ਉੱਪਰ, ਥੱਲੇ ਉੱਡਦਾ ਹਵਾ ਵਿੱਚ ਗੋਤੇ ਲਾਉਂਦਾ ਹੈ। ਉਹ ਸੱਪ ਜਾਂ ਲੱਕੜੀ ਨੂੰ ਚੁੰਜ ਨਾਲ ਸੁੱਟਦਾ ਤੇ ਫੜਦਾ ਹੈ। ਮਾਦਾ ਕੋਲ ਜਾਣ ਤੋਂ ਬਾਅਦ ਫਿਰ ਦੋਵੇਂ ਪੰਛੀ ਇਕੱਠੇ ਉੱਡਦੇ ਹਨ ਅਤੇ ਉੱਚੀ ਆਵਾਜ਼ ਵਿੱਚ ਪਾਇਓਉ-ਪਾਇਓਉ ਕਰਕੇ ਆਵਾਜ਼ਾਂ ਕੱਢਦੇ ਹਨ। ਮਾਦਾ ਇੱਕ ਚਿੱਟਾ ਅਤੇ ਨੀਲਾ ਆਂਡਾ ਦਿੰਦੀ ਹੈ। ਨਵਜੰਮੇ ਬੱਚੇ ਸਲੇਟੀ ਅੱਖਾਂ ਵਾਲੇ ਨੀਲੇ-ਚਿੱਟੇ ਰੰਗ ਦੇ ਹੁੰਦੇ ਹਨ ਜੋ ਬਾਅਦ ਵਿੱਚ ਚਮਕਦਾਰ ਸੰਤਰੀ ਜਾਂ ਪੀਲੇ ਹੋ ਜਾਂਦੇ ਹਨ। ਨਰ-ਮਾਦਾ ਦੋਵੇਂ ਚੂਚਿਆਂ ਨੂੰ ਖੁਆਉਂਦੇ ਹਨ ਜੋ 70-75 ਦਿਨਾਂ ਵਿੱਚ ਉੱਡ ਜਾਂਦੇ ਹਨ। ਚੂਚੇ ਵੱਡੇ ਹੁੰਦਿਆਂ ਹੀ ਸੱਪ ਦੇ ਸ਼ਿਕਾਰ ਨੂੰ ਨਿਗਲਣ ਦੀ ਸੁਭਾਵਿਕ ਯੋਗਤਾ ਰੱਖਦੇ ਹਨ।

ਸੱਪਮਾਰ ਉਕਾਬ ਨੂੰ ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ ਨੇਚਰ ਵੱਲੋਂ ਘੱਟ ਚਿੰਤਾ ਦੇ ਤੌਰ 'ਤੇ ਸੂਚੀਬੱਧ ਕੀਤਾ ਗਿਆ ਹੈ। ਭਾਰਤ ਸਰਕਾਰ ਨੇ ਇਸ ਨੂੰ ਜੰਗਲੀ ਜੀਵ (ਸੁਰੱਖਿਆ) ਐਕਟ, 1972 ਅਤੇ ਸੋਧ ਐਕਟ 2022 ਦੇ ਸ਼ਡਿਊਲ-1 ਵਿੱਚ ਰੱਖ ਕੇ ਸੁਰੱਖਿਆ ਦਿੱਤੀ ਹੈ।

*ਪ੍ਰਧਾਨ, ਨੇਚਰ ਕੰਜ਼ਰਵੇਸ਼ਨ ਸੁਸਾਇਟੀ, ਪੰਜਾਬ।
ਸੰਪਰਕ: 98884-56910

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਮੋਗਾ ਜਿਲੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ : 1 306 450 0239 ...234...

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉਪਰੰਤ ਐਲ ਐਮ ਆਈ ਏ ਉੱਪਰ ਮੁਕਤਸਰ (ਪੰਜਾਬ) ਵਿੱਚ 11।5 ਏਕੜ ਜ਼ਮੀਨ ਦੀ ਮਾਲਕੀ ਵਾਲੇ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ +2+ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ। ਸੰਪਰਕ: 1 431 996 1000 ...234...

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਐਡਮਿੰਟਨ ਵਿੱਚ ਰਹਿੰਦੇ ਗਰਚਾ ਪਰਿਵਾਰ ਦੇ ਲੜਕੇ ,ਜਨਮ 1995, ਕੱਦ 5 ਫੁੱਟ 7 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਅਕਾਊਂਟਿੰਗ ਅਤੇ ਪਲੰਬਰ ਦਾ ਡਿਪਲੋਮਾ ਕੀਤਾ ਹੈ। ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ । ਦੋਵੇਂ ਭੈਣਾਂ ਵਿਆਹੀਆਂ ਹੋਈਆਂ ਹਨ। ਐਡਮਿੰਟਨ ਅਤੇ ਕੈਲਗਰੀ ਨੂੰ ਪਹਿਲ , ਸੰਪਰਕ : 587 568 8795 ਜਾਂ 587 568 8796 ...234...

### ਲੜਕੇ ਦੀ ਲੋੜ
ਕਨੇਡੀਅਨ ਜੰਮਪਲ, ਗਰੇਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 4 ਇੰਚ, ਹਿਊਮਨ ਰਿਸੋਰਸ ਐਡਮਿਨ ਡਿਪਲੋਮਾਂ ਹੋਲਡਰ / ਫੂਡ ਟੈਕਨੋਲਜੀ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਨੂੰ ਪਹਿਲ। ਸੰਪਰਕ ਸਿਰਫ ਈ ਮੇਲ ਰਾਹੀਂ ਹੀ ਕਰ ਸਕਦੇ ਹੋ। ਈ ਮੇਲ: jiwangrewal52@gmail.com ...234...

### ਲੜਕੀ ਦੀ ਲੋੜ
20 ਏਕੜ ਜ਼ਮੀਨ ਦੇ ਮਾਲਕ ਸਾਬਕਾ ਸਰਪੰਚ ਅਤੇ ਹੁਣ ਗੁਰੂਘਰ ਦੀ ਕਮੇਟੀ ਦੇ ਪ੍ਰਧਾਨ ਪੰਜਾਬ ਰਹਿੰਦੇ ਜੱਟ ਸਿੱਖ ਗੋਸਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ, ਐਮ ਏ ਪਹਿਲੇ ਸਾਲ ਪੜ੍ਹਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਕਨੇਡਾ ਆਕੇ ਆਪਣੇ ਅੰਕਲ ਦੇ ਹੋਟਲ ਬਿਜਨਿਸ ਦੀ ਟੀਮ ਦਾ ਹਿੱਸਾ ਬਣ ਸਕਦਾ ਹੈ। ਸੰਪਰਕ: 1 780 901 3797 ...234...

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਨਾਈ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 8 ਇੰਚ, ਯੂਨੀਵਰਿਸਟੀ ਕੈਲਗਰੀ ਤੋਂ ਬੀ ਐਸ ਸੀ ਨਰਸਿੰਗ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਸਿਟੀਜਨ ਹੈ। ਲੜਕੀ ਇਸ ਵੇਲੇ 45 ਡਾਲਰ / ਘੰਟਾ ਦੀ ਆਰ ਐਨ(ਰਜਿਸਟਰਡ ਨਰਸ) ਦੀ ਜੌਬ ਕਰ ਰਹੀ ਹੈ। ਫੋਨ ਦਿਨ ਦੇ 2:00 ਵਜੇ ਤੋਂ ਲੈਕੇ ਰਾਤ ਦੇ 12:00 ਵਜੇ ਦੇ ਦਰਮਿਆਨ ਹੀ ਕੀਤਾ ਜਾਵੇ। ਸੰਪਰਕ: 587 581 3088 ...234...

### ਲੜਕੀ ਦੀ ਲੋੜ
ਪੰਜਾਬ ਰਹਿੰਦੇ 4 ਕਿੱਲੇ ਸਹਿਰੀ ਜਾਇਦਾਦ ਦੇ ਮਾਲਕ ,ਜੱਟ ਸਿੱਖ,ਅੰਮ੍ਰਿਤਧਾਰੀ,ਉਮਰ 29 ਸਾਲ,ਕੱਦ 6 ਫੁੱਟ, 5 ਸਾਲ ਦਾ ਤਜ਼ਰਬਾ ਰੱਖਣ ਵਾਲੇ ਮਕੈਨੀਕਲ ਇੰਜੀਨੀਅਰ ਲੜਕੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:ਵਟਸਐਪ 94658-46544 ...234...

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਜਿਲਾ ਮੋਗਾ ਨਾਲ ਸਬੰਧਿਤ ਐਮ ਏ ਇੰਗਲਿਸ਼,ਬੀ ਐੱਡ ਲਈ ਪੜੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 825 205 3609 ਜਾਂ 403 951 1954 ...234...

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਲੜਕੇ, ਉਮਰ 35 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 702 4351 ...230...

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ,ਐਡਮਿੰਟਨ ਰਹਿੰਦੀ ਜੱਟ ਸਿੱਖ ਸਮਰਾ ਪਰਿਵਾਰ ਦੀ ਦਸਤਾਰ ਸਜਾਉਂਦੀ ਅੰਮ੍ਰਿਤਧਾਰੀ ਲੜਕੀ ,ਉਮਰ 28 ਸਾਲ,ਕੱਦ 5 ਫੁੱਟ 5 ਇੰਚ, ਬੀਏ,ਬੀਐੱਡ (ਪੀ ਯੂ ਚੰਡੀਗੜ੍ਹ) ਡਿਪਲੋਮਾਂ ਬਿਜਨਿਸ ਮੈਨੇਜਮੈਂਟ (ਐਡਮਿੰਟਨ) ਲਈ ਪੜ੍ਹੇ ਲਿਖੇ ਅੰਮ੍ਰਿਤਧਾਰੀ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 308 8833 ਵਟਸਐਪ: 91 94635 88033 ...230...

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਕਾਹਲੋਂ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮਰਜੈਂਸੀ ਵੈਟਨਰੀ ਡਾਕਟਰ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 914 5600 ..233..

### ਲੜਕੀ ਦੀ ਲੋੜ
ਕਨੇਡੀਅਨ ਬੌਰਨ, ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 3 ਇੰਚ, ਸਿਟੀ ਆਫ ਕੈਲਗਰੀ ਨਾਲ ਜੌਬ ਕਰਦੇ,ਅਕਾਊਂਟਿੰਗ ਡਿਪਲੋਮਾਂ ਹੋਲਡਰ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 918 5718 ...233...

### ਲੜਕੇ ਦੀ ਲੋੜ
ਕਨੇਡਾ ਸਟੱਡੀ ਪਰਮਿਟ ਉੱਪਰ ਆਈ ਨਾਈ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 25 ਸਾਲ, ਇੰਡੀਆ ਤੋਂ (BDS) ਡੈਂਟਲ ਡਾਕਟਰ ਦੀ ਡਿਗਰੀ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 614 0001 ...233...

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 688 6767 ...233...

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਨਾਈ ਸਿੱਖ ਦੇ ਲੜਕੇ,ਜਨਮ 1991,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਕਾਮ (foreign),ਜੋ ਇਸ ਵੇਲੇ ਕਨੇਡਾ ਵਿੱਚ ਹੀ ਅਕਾਊਂਟੈਂਟ ਦੀ ਚੰਗੀ ਜੌਬ ਕਰ ਰਿਹਾ ਹੈ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਚੰਗੀ ਪੜ੍ਹੀਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 889 6509,1-431 334 7456 ਜਾਂ 0091-855 807 0708 ...233...

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਮਾਨ ਪਰਿਵਾਰ ਦੀ ਲੜਕੀ,ਜਨਮ 1998,ਕੱਦ 5 ਫੁੱਟ 7 ਇੰਚ,ਪੜ੍ਹਾਈ ਲਿਖਾਈ: ਗਰੇਡ 12 ਵਿੱਚ 95 ਪ੍ਰਤੀਸਤ ਅੰਕ ਪ੍ਰਾਪਤ ਕੀਤੇ,ਹੁਣ ਡੋਗਲਸ ਕਾਲਿਜ ਨਿਊ ਵੈਸਟ ਮਨਿਸਟਰ ਬੀਸੀ ਕਨੇਡਾ ਵਿੱਚ ਹੀ ਬੈਚੂਲਅਰ ਇਨ ਅਕਾਊਂਟਿੰਗ ਦੀ ਪੜ੍ਹਾਈ ਕਰ ਰਹੀ ਹੈ ਅਤੇ ਭਵਿੱਖ ਵਿੱਚ ਸੀ ਪੀ ਏ ਦੀ ਯੋਜਨਾ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: P28900946@gmail.com ...245...

### ਲੜਕੀ ਦੀ ਲੋੜ
ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸੂਲੈਸ ਤਲਾਕਸ਼ੁਦਾ ਲੜਕੇ ਉਮਰ 37 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਇਸ ਵੇਲੇ ਏਅਰਪੋਰਟ ਉੱਪਰ ਬੱਸ ਡਰਾਈਵਰ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 1 778 953 0024 ...233...

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 8 ਇੰਚ, ਆਟੋ ਮੋਬਾਈਲ ਡਿਪੋਲਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤਟ ਟਰੱਕਿੰਗ ਦਾ ਬਿਜਨਿਸ ਹੈ। ਮਾਂ ਬਾਪ ਸੁਪਰਵੀਜ਼ਾ ਉੱਪਰ ਆਏ ਹੋਏ ਹਨ। ਇੰਡੀਆ, ਕਨੇਡਾ ਜਾਂ ਯੂ ਐਸ ਏ ਕਿਤੇ ਵੀ ਰਹਿੰਦੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ। ਸੰਪਰਕ: 403 415 4033 ..233..

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ, ਸੈਣੀ ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1990,ਕੱਦ 5 ਫੁੱਟ 4 ਇੰਚ, ਕੁਆਲੀਫਿਕੇਸ਼ਨ: ਬੀ ਐਸ ਸੀ ਨਰਸਿੰਗ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਇਸ ਵੇਲੇ ਡੇ-ਕੇਅਰ ਦੀ ਜੌਬ ਕਰ ਰਹੀ ਹੈ। ਕੈਲਗਰੀ ਰਹਿਣ ਵਾਲੇ,ਵਰਕ ਪਰਮਿਟ ਜਾਂ ਵਿਜਟਰ ਵੀਜਾ ਵਾਲੇ ਨੂੰ ਪਹਿਲ। ਸੰਪਰਕ: 780 782 8740, 587 733 5911 ...232...

### ਲੜਕੀ ਦੀ ਲੋੜ
Canadian PR/citizen bride for a Jatt Sikh groom 38 years, 5'11", never married, non-drinking/ smoking veterinarian doctor. Working in Chandigarh. Parents and sisters are Canadian PR.
Contact – +1 (204) 951-6987. ...228...

### ਜੀਵਨ ਸਾਥਣ ਦੀ ਲੋੜ
ਜੱਟ ਸਿੱਖ ਮੰਡ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਟਰੱਕ ਡਰਾਈਵਰ ਦੀ ਜੌਬ ਕਰਦੇ ਤਲਾਕ ਸੁਦਾ ਲੜਕੇ, ਉਮਰ 42 ਸਾਲ, ਕੱਦ 5 ਫੁੱਟ 9 ਇੰਚ ਲਈ ਹਾਣ ਪ੍ਰਵਾਣ ਦੀ ਉਮਰ ਵਾਲੀ ਜੀਵਨ ਸਾਥਣ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 354 4282 ...228...

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ,ਜਨਮ 1993,ਕੱਦ 5 ਫੁੱਟ 7 ਇੰਚ, ਬੀ ਐਸ ਸੀ ਨਰਸਿੰਗ,ਹੈਲਥ ਕੇਅਰ ਵਿੱਚ ਜੌਬ ਕਰਦੀ ਲਈ,ਵੈੱਲ ਸੈਟਲਡ, ਵਧੀਆ ਪਰਿਵਾਰ ਦੇ ਗਰੈਜੂਏਟ,ਵੈਸ਼ਨੂੰ,ਨਸ਼ਾ ਰਹਿਤ ਪੀ ਆਰ/ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਕੈਲਗਰੀ ਨੂੰ ਪਹਿਲ।ਸੰਪਰਕ: 1 825 777 4040 ਜਾਂ 91 9914480500 ...232...

### ਲੜਕੀ ਦੀ ਲੋੜ
ਕਨੇਡੀਅਨ ਬੌਰਨ,ਐਡਮਿੰਟਨ ਰਹਿੰਦੇ ਜੱਟ ਸਿੱਖ ਸ਼ੇਕਰ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ,ਬੀ ਬੀ ਏ ਅਕਾਊਂਟਿੰਗ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 779 5743 ...232...

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਜਨਮ 1993,ਕੱਦ 5 ਫੁੱਟ 11 ਇੰਚ, ਪੰਜਾਬ ਦੇ ਲੁਧਿਆਣਾ ਜਿਲ੍ਹੇ ਵਿੱਚ 5 ਕਿੱਲੇ ਜ਼ਮੀਨ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਕਨੇਡਾ ਵਿੱਚ ਹੀ ਰਹਿੰਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਆਪਣਾ ਘਰਾਂ ਦੀ ਰੈਨੋਵੇਸ਼ਨ ਕਰਨ ਦਾ ਚੰਗਾ ਕਾਰੋਬਾਰ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਕਾਲ ਨਾ ਕਰਨ। ਸੰਪਰਕ: 403 891 2618 ***231***

### ਲੜਕੀ ਦੀ ਲੋੜ
Canadian Citizen, Jat Sikh handsome boy, born 1990, height 5 feet 11 inches, well-educated from Canada and doing Successful Business, looking for a girl from Canada. Please call or send biodata on what's app.403 796 7462 ...231...

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1990, ਕੱਦ 5 ਫੁੱਟ 11 ਇੰਚ, ਕਨੇਡਾ ਵਿੱਚ ਹੀ ਚੰਗੇ ਪੜ੍ਹੇ ਲਿਖੇ ਅਤੇ ਕਨੇਡਾ ਵਿੱਚ ਹੀ ਸਫਲ ਬਿਜਨਿਸਮੈਨ ਲੜਕੇ ਲਈ, ਕਨੇਡਾ ਤੋਂ ਹੀ ਪੜ੍ਹੀ ਲਿਖੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 796 7462 ...231...

### ਲੜਕੀ ਦੀ ਲੋੜ
ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਰਕ-ਪਰਮਿਟ ਉੱਪਰ ਕਨੇਡਾ ਆਏ ਲੜਕੇ ਉਮਰ 32 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈਟਲਡ ਹੈ। ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ: 1 204-951-6503,ਜਾਂ 1 431-374-4686 ...231...

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ, M.sc. (Mathematics), M.ed (ਕਨੇਡੀਅਨ ਯੂਨੀਵਰਿਸਟੀ ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਓ,' ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , ਫੋਨ ਕਾਲ: 825 889 6474 ...230...

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254 ...230...

### ਲੜਕੀ ਦੀ ਲੋੜ
Sikh Ramgarhia well settled family in Canada looking for a suitable match for their 32 year old son, doing business in Ontario and Winnipeg. Canadian citizen,5-10, Active in real estate and financing business. Call at 204-510-7658 or 437-881-7282. ...230...

### ਗੁਰਸਿੱਖ ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ, ਜੱਟ ਸਿੱਖ ਸੰਧੂ ਪਰਿਵਾਰ ਦੇ ਅੰਮ੍ਰਿਤਧਾਰੀ,ਹੁਣ ਫੈਡਰਲ ਗਵਰਨਮੈਂਟ ਦੀ ਜੌਬ ਕਰ ਰਹੇ ਲੜਕੇ ਉਮਰ, 27 ਸਾਲ, ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਬੀ ਬੀ ਏ (ਫਾਇਨਾਂਸ) ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ, ਪੜੀ ਲਿਖੀ, ਗੁਰਸਿੱਖ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 433 7959 ..229..

## ਨੀਦਰਲੈਂਡ 'ਚ ਹੋਈ ਗੋਲੀਬਾਰੀ 'ਚ ਤਿੰਨ ਜਣਿਆਂ ਦੀ ਮੌਤ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਨੀਦਰਲੈਂਡ ਦੇ ਰੋਟਰਡਮ ਸ਼ਹਿਰ ਵਿਚ ਵੀਰਵਾਰ ਨੂੰ ਗੋਲੀਬਾਰੀ ਦੀਆਂ ਦੋ ਘਟਨਾਵਾਂ ਵਾਪਰੀਆਂ। ਜਾਣਕਾਰੀ ਮੁਤਾਬਕ ਪਹਿਲੀ ਘਟਨਾ ਯੂਨੀਵਰਸਿਟੀ ਹਸਪਤਾਲ (ਮੈਡੀਕਲ ਕਾਲਜ) ਵਿੱਚ ਵਾਪਰੀ ਅਤੇ ਦੂਜੀ ਘਟਨਾ ਇੱਕ ਘਰ ਵਿੱਚ ਵਾਪਰੀ। ਕਈ ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ। ਹਾਲਾਂਕਿ ਪੁਲਿਸ ਨੇ ਫਿਲਹਾਲ 3 ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਪੁਲਿਸ ਮੁਤਾਬਕ ਫੌਜੀ ਵਰਦੀ ਪਹਿਨੇ ਇੱਕ ਵਿਅਕਤੀ ਨੇ ਯੂਨੀਵਰਸਿਟੀ ਹਸਪਤਾਲ ਦੇ ਕਲਾਸਰੂਮ ਵਿੱਚ ਬੰਦੂਕ ਨਾਲ ਗੋਲੀਬਾਰੀ ਕੀਤੀ। ਸ਼ੱਕੀ ਮੁਲਜ਼ਮ ਦੀ ਉਮਰ 32 ਸਾਲ ਦੱਸੀ ਜਾ ਰਹੀ ਹੈ। ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸਥਾਨਕ ਮੀਡੀਆ ਮੁਤਾਬਕ ਗੋਲੀਬਾਰੀ ਤੋਂ ਬਾਅਦ ਮੈਡੀਕਲ ਕਾਲਜ ਵਿੱਚ ਅੱਗ ਲੱਗ ਗਈ।


"ਪੰਜਾਬੀ ਅਖ਼ਬਾਰ" ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜਾਇਨਾ- 639 999 1000, ਵਿਨੀਪੈੱਗ- 431 733 3000

ਵਰਕਰਾਂ ਦੀ ਲੋੜ
ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖ਼ਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।
ਕਾਲ ਦਿਲਾਵਰ ਤੂਰ
403 680 0436






ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ
A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615
ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਜ਼ਮੀਨ ਵਿਕਾਊ ਹੈ
ਰੀਜਾਇਨਾ ਦੇ ਨੇੜੇ ਹਾਈਵੇਅ 1 ਈਸਟ ਉੱਪਰ 140 ਏਕੜ ਜਮੀਨ ਵਿਕਾਊ ਹੈ। ਇਹ ਜਮੀਨ Saint Josph coloney ਵਿੱਚ ਹੈ ਜੋ Balgone ਤੋਂ 2 ਮਿੰਟ ਈਸਟ ਵਿੱਚ ਹੈ। ਟਰਕ ਸਟੌਪ ਲਈ ਵਧੀਆ ਲੋਕੇਸ਼ਨ ਅਤੇ ਸਾਊਥ ਵਿਚ ਕੰਟਰੀ ਹੋਮ ਲਈ ਲਾਟਾਂ ਵਿਕ ਰਹੀਆਂ ਹਨ। ਕੀਮਤ 5000 ਡਾਲਰ ਪ੍ਰਤੀ ਏਕੜ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।
1-306 581 2187

ਬਿਜਨਿਸ ਵਿਕਾਊ ਹੈ






ਸੈਸਕਾਟੂਨ ਵਿੱਚ ਰੈਸਟੋਰੈਂਟ ਵਿਕਾਊ ਹੈ । ਪੰਜਾਬੀਆਂ ਦੀ ਵੱਸੋਂ ਵਾਲੇ ਇਲਾਕੇ ਵਿੱਚ ,ਬਿਜ਼ੀ ਪਲਾਜ਼ੇ ਅੰਦਰ, ਖੁੱਲੀ ਪਾਰਕਿੰਗ ਲਾਟ, ਸਫਲਤਾ ਨਾਲ ਚੱਲ ਰਿਹਾ ਬਿਜਨਿਸ ਕੁੱਝ ਨਿੱਜੀ ਕਾਰਣਾ ਕਰਕੇ ਵਿਕਾਊ ਹੈ । 1058 ਸਕੇਅਰ ਫੁੱਟ ਬਹੁਤ ਘੱਟ ਰੈਂਟ ਵਾਲੇ ਇਸ ਬਿਜਨਿਸ ਦੇ ਮਾਲਕ ਤੁਸੀਂ ਬਣ ਸਕਦੇ ਹੋ।
ਸੰਪਰਕ: 306 850 9734

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ


### Name change
I, **JAGSIR SINGH KHAIRA**, son/of **MOHINDER SINGH KHAIRA**, holder of Indian passport No. U0943999, issued at VANCOUVER, on 06/03/2020, permanent resident of V.P.O: DOSANJH ROAD MOGA (PB) PIN: 142001, **INDIA** and presently residing at **68 CASTTLEFAL GROVE NE CALGARY (AB) T3J 1L3 CANADA**, do hereby change my name from **JAGSIR SINGH KHAIRA**, to **BITTU SINGH**, with immediate effect.
**Date: 02/09/2023** **Phone: 403 618 4508**

### Name change
I, **KAMLESH** wife of **Chiman Lal Aujla**, resident of V.P.O: **Saidowal, Teh: Phillour,Distt: Jalandhar (PB) India** and presently residing at **8385 SADDLERIDGE DR NE CALGARY (AB) T3J 4W9 Canada** do hereby change my name from **KAMLESH** to **KAMLESH AUJLA** , with immediate effect.
Contact: 403 404 2509 Date: 21 Sept, 2023

## ਕੈਲਗਰੀ ਏਅਰਪੋਰਟ ਉੱਪਰ ਗੋਲੀ ਚੱਲੀ,ਇੱਕ ਜਖ਼ਮੀ,ਇੱਕ ਪੁਲਿਸ ਅੜਿੱਕੇ ਆਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਇੰਟਰਨੈਸ਼ਨਲ ਏਅਰਪੋਰਟ ਦੇ ਬਾਹਰ ਗੋਲੀਬਾਰੀ ਤੋਂ ਬਾਅਦ ਬੁੱਧਵਾਰ ਨੂੰ ਕੈਲਗਰੀ ਪੁਲਿਸ ਨੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਹੁੰਚਣ ਤੋਂ ਤੁਰੰਤ ਬਾਅਦ ਇੱਕ ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ। ਗੋਲੀ ਲੱਗਣ ਵਾਲੇ ਦੂਜੇ ਵਿਅਕਤੀ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਜਾਂਚ ਟੀਮ ਨੇ ਇਸ ਖੇਤਰ ਵਿੱਚ ਆਵਾਜਾਈ ਦੀਆਂ ਕਈ ਲੇਨਾਂ ਨੂੰ ਬੰਦ ਕਰ ਦਿੱਤਾ ਗਿਆ ਸੀ, ਜਿਸ ਨਾਲ ਬੈਕਅੱਪ ਅਤੇ ਦੇਰੀ ਹੋਈ ਅਤੇ ਸੈਲ ਫੋਨ ਵੇਟਿੰਗ ਏਰੀਆ ਵਿੱਚ ਜਾਣ ਵਾਲਿਆਂ ਰਸਤਾ ਬੰਦ ਕਰ ਦਿੱਤਾ ਗਿਆ ਅਤੇ ਟਰੈਫਿਕ ਸਕਰੀਨ ਉੱਪਰ ਇਸ ਦੇ ਬੰਦ ਹੋਣ ਦੀ ਸੂਚਨਾ ਦੇ ਨਾਲ ਹੀ ਲਿਖਿਆ ਆ ਰਿਹਾ ਸੀ ਕਿ ਸੌਰਟ ਟਰਮ ਵਾਲੀ ਪਾਰਕਿੰਗ ਲਾਟ ਅੱਧੇ ਘੰਟੇ ਲਈ ਫਰੀ ਹੈ ਤੁਸੀਂ ਬਦਲ ਵੱਜੋਂ ਉਹ ਵਰਤ ਸਕਦੇ ਹੋ,

ਇਹ ਘਟਨਾ ਸੈਲਫੋਨ ਪਾਰਕਿੰਗ ਲਾਟ ਦੇ ਨੇੜੇ ਉਸ ਥਾਂ ਵਾਪਰੀ, ਜਿੱਥੇ ਫਲਾਈਟਾਂ ਤੋਂ ਦੋਸਤਾਂ ਜਾਂ ਪਰਿਵਾਰਿਕ ਮੈਂਬਰਾਂ ਦੇ ਉਤਰਣ ਦੀ ਉਡੀਕ ਕਰਦੇ ਹੋਏ ਡਰਾਈਵਰਾਂ ਲਈ ਮੁਫਤ ਪਾਰਕ ਕਰਨ ਲਈ ਨਿਸਚਤ ਪਾਰਕਿੰਗ ਲਾਟ ਹੈ। ਕੈਲਗਰੀ ਏਅਰਪੋਰਟ ਨੂੰ ਸਰਵਿਸ ਦੇਣ ਵਾਲੀਆਂ ਟੈਕਸੀਆਂ ਦੀ ਪਾਰਕਿੰਗਿ ਲਾਟ ਵੀ ਇੱਥੇ ਹੀ ਹੈ।

ਪੁਲਿਸ ਦੇ ਜਾਂਚ ਕਰਤਾਵਾਂ ਦਾ ਮੰਨਣਾ ਹੈ ਕਿ ਗੋਲੀਬਾਰੀ ਇੱਕ "ਰੋਡ ਰੇਜ ਘਟਨਾ" ਸੀ ਅਤੇ ਜਨਤਕ ਸੁਰੱਖਿਆ ਨੂੰ ਕੋਈ ਖ਼ਤਰਾ ਨਹੀਂ ਸੀ। ਪਰ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਜਾਰੀ ਹੈ।

## 24 ਘੰਟਿਆਂ ਦੇ ਆਪ੍ਰੇਸ਼ਨ ਦੌਰਾਨ ਐਡਮਿੰਟਨ ਪੁਲਿਸ ਨੇ 1,460 ਤੋਂ ਵੱਧ ਟ੍ਰੈਫਿਕ ਉਲੰਘਣਾ ਦੀਆਂ ਟਿਕਟਾਂ ਜਾਰੀ ਕੀਤੀਆਂ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਪੁਲਿਸ ਸਰਵਿਸ ਦੇ ਅਫਸਰਾਂ ਅਤੇ ਸਿਟੀ ਆਫ ਐਡਮੰਟਨ ਆਟੋਮੇਟਿਡ ਇਨਫੋਰਸਮੈਂਟ ਨੇ 27 ਸਤੰਬਰ, 2023 ਨੂੰ ਇੱਕ 24 ਘੰਟਿਆਂ ਦੇ ਆਪਰੇਸ਼ਨ ਦੌਰਾਨ ਕੁੱਲ 1,463 ਟ੍ਰੈਫਿਕ ਉਲੰਘਣਾ ਦੀਆਂ ਟਿਕਟਾਂ ਡਰਾਇਵਰਾਂ ਨੂੰ ਜਾਰੀ ਕੀਤੀਆਂ।ਕੁੱਲ 1,463 ਟ੍ਰੈਫਿਕ ਉਲੰਘਣਾ ਦੀਆਂ ਟਿਕਟਾਂ ਵਿੱਚੋਂ,1253 ਸਿਰਫ਼ ਸਪੀਡ ਨਾਲ ਸਬੰਧਤ ਸਨ ਜਦੋਂ ਕਿ 210 ਹੋਰ ਉਲੰਘਣਾਵਾਂ ਵੀ ਸਨ। ਜਿਨ੍ਹਾਂ ਵਿੱਚ 84 ਲਾਲ ਬੱਤੀ ਦੀ ਉਲੰਘਣਾ, 73 ਗੈਰ-ਖਤਰਨਾਕ ਟੀ ਐਸ ਏ ਉਲੰਘਣਾ (ਉਪਕਰਨ, ਦਸਤਾਵੇਜ਼ ਆਦਿ), 8 ਧਿਆਨ ਭਟਕਾਉਣ ਵਾਲੀ ਡਰਾਈਵਿੰਗ ਉਲੰਘਣਾ, ਚਾਰ ਅਪਰਾਧਿਕ ਕੋਡ ਡਰਾਈਵਿੰਗ ਅਪਰਾਧ (ਅਪੰਗ, ਅਯੋਗ ਠਹਿਰਾਏ ਜਾਣ ਵੇਲੇ ਗੱਡੀ ਚਲਾਉਣੀ) ਅਤੇ ਤਿੰਨ ਹੋਰ ਅਪਰਾਧਿਕ ਕੋਡ ਦੇ ਤਹਿਤ ਜਾਰੀ ਕੀਤੀਆਂ ਗਈਆਂ




# ਸਾਂਭ ਲੈ ਕੈਨੇਡਾ ਮੇਰਾ ਮਾਲਵਾ, ਆਉਂਦੇ ਨੇ ਜਹਾਜ਼ ਭਰ ਕੇ

ਵਿਦੇਸ਼ਾਂ ਦਾ ਸਰੋਕਾਰ
ਜਗਦੇਵ ਸਿੱਧੂ
403 351 1136



ਬਈ ਐਨੇ ਤਾਂ ਪਹਿਲੇ-ਪਹਿਲ ਫਰਾਂਸੀਸੀ ਅਤੇ ਅੰਗਰੇਜ਼ ਵੀ ਨਹੀਂ ਆਏ ਸਨ। ਗੱਲ ਸੋਲ੍ਹਵੀਂ-ਸਤਾਰ੍ਹਵੀਂ ਸਦੀ ਦੀ ਹੈ ਜਦੋਂ ਯੂਰਪ ਦੇ ਲੋਕ (ਗੋਰੇ ਜਾਂ ਵ੍ਹਾਈਟ ਪੀਪਲ) ਸਮੁੰਦਰੀ ਜਹਾਜ਼ਾਂ ਰਾਹੀਂ ਕੈਨੇਡਾ ਦੀ ਧਰਤੀ 'ਤੇ ਆਹਣ ਵਾਂਗ ਆਣ ਲੱਥੇ ਸਨ। ਏਥੋਂ ਦੇ ਮੂਲਨਿਵਾਸੀਆਂ ਨੇ ਉਨ੍ਹਾਂ ਸੱਤ ਬਿਗਾਨਿਆਂ ਨੂੰ ਰਹਿਣ ਲਈ ਥਾਂ ਦਿੱਤੀ, ਖਾਣ ਲਈ ਲੋੜੀਂਦੀ ਖ਼ੁਰਾਕ ਦਿੱਤੀ, ਇਸ ਤੋਂ ਵੀ ਵੱਧ ਕੇ ਉਨ੍ਹਾਂ Eਪਰੇ ਵਪਾਰੀਆਂ ਨੂੰ ਆਪਣੇ ਜਾਨਵਰਾਂ - ਬੀਵਰ ਅਤੇ ਮੱਝਾਂ (ਬੀਜ਼ਾਨ) ਦੀ ਜੱਤ, ਖੱਲਾਂ ਅਤੇ ਹੱਡੀਆਂ ਦਿੱਤੀਆਂ, ਜਿਸ ਨਾਲ਼ ਉਹ ਵਪਾਰੀ (ਹਡਜ਼ਨ ਬੇਅ ਕੰਪਨੀ) ਮਾਲੋ-ਮਾਲ ਹੋਏ। ਇਹੋ ਵਪਾਰੀ ਇਨ੍ਹਾਂ ਸਾਫ਼ ਦਿਲ ਮੂਲਨਿਵਾਸੀਆਂ ਨੂੰ 'ਰਿਜ਼ਰਵਾਂ' ਵਿੱਚ ਗੁੱਠੇ ਲਾ ਕੇ ਇਸ ਮੁਲਕ ਦੀ ਸਾਰੀ ਧਰਤੀ 'ਤੇ ਕਾਬਜ਼ ਹੋ ਬੈਠੇ। ਫੇਰ ਯੂਰਪ ਅਤੇ ਦੁਨੀਆਂ ਭਰ ਦੇ ਤਮਾਮ ਮੁਲਕਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹਿਜਰਤ ਕਰ ਕੇ ਆਉਣ ਲੱਗੇ। ਸਿੱਟੇ ਵੱਜੋਂ ਅੱਜ ਕੈਨੇਡਾ ਮੂਲਨਿਵਾਸੀਆਂ ਦਾ ਨਾ ਹੋ ਕੇ ਇਨ੍ਹਾਂ ਸਾਰੇ ਹਿਜਰਤੀਆਂ ਦਾ ਦੇਸ਼ ਬਣ ਗਿਆ ਹੈ। ਸਿਲਸਿਲਾ ਜਾਰੀ ਹੈ ਪਰ ਹੁਣ ਸਮੁੰਦਰੀ ਜਹਾਜ਼ ਤਾਂ ਭਾਰ ਢੋਣ ਜੋਗੇ ਰਹਿ ਗਏ ਹਨ, ਹਿਜਰਤੀ ਤਾਂ ਧੜਾ-ਧੜ ਹਵਾਈ ਜਹਾਜ਼ਾਂ ਰਾਹੀਂ ਆ ਰਹੇ ਹਨ।

ਗੇਂਦਾ ਮੈਂਬਰ ਠੀਕ ਹੀ ਕਹਿੰਦੈ, ਅਖੇ ਜੀਹਦੇ ਪਿਓ-ਦਾਦੇ ਨੇ ਬਠਿੰਡਾ ਨਹੀਂ ਸੀ ਵੇਖਿਆ, ਉਹਨਾਂ ਦੇ ਜੁਆਕ ਹਵਾਈ ਜਹਾਜ਼ਾਂ ਦੇ ਝੂਟੇ ਲੈ ਰਹੇ ਨੇ। ਚੰਗੀ ਗੱਲ ਹੈ ਇਹ ਤਰੱਕੀ ਦੀ ਨਿਸ਼ਾਨੀ ਹੈ। ਗੱਲ ਉਹ ਪੰਜਾਬ ਦੀ ਕਰਦਾ ਹੈ, ਉਹ ਵੀ ਪੰਜਾਬ ਦੇ ਉਸ ਖਿੱਤੇ ਦੀ, ਜਿੱਥੇ ਸਮੁੰਦਰੋਂ ਪਾਰ ਜਾਣ ਦਾ ਸੁਪਨਾ ਵੀ ਨਹੀਂ ਸੀ ਲਿਆ ਜਾਂਦਾ, ਜਿੱਥੇ ਰਾਤ ਨੂੰ ਵਿਹੜੇ ਵਿੱਚ ਜਾਂ ਕੋਠੇ ਉਪਰ ਮੰਜਿਆਂ 'ਤੇ ਪਏ ਨਿਆਣੇ ਅੰਬਰ ਵਿੱਚ ਤੁਰਦੀ ਕਿਸੇ ਰੌਸ਼ਨੀ ਦੀ ਝਲਕ ਨੂੰ ਟਿਕਟਿਕੀ ਲਾ ਕੇ ਵੇਖਦੇ ਹੋਏ ਕਿਹਾ ਕਰਦੇ ਸਨ, ''ਔਹ ਜਾਂਦੈ ਜਹਾਜ਼, ਔਹ ਜਾਂਦੈ ਉਡਣ ਖਟੋਲਾ।'' ਹਾਂ ਜੀ, ਉਹ ਗੱਲ ਕਰਦੈ ਮਾਲਵੇ ਦੀ, ਕਿਉਂਕਿ ਮਾਝੇ ਦੁਆਬੇ ਦੇ ਲੋਕ ਤਾਂ ਸਦੀ ਪਹਿਲਾਂ ਬਾਹਰਲੇ ਮੁਲਕਾਂ ਨੂੰ ਜਾਣੇ ਸ਼ੁਰੂ ਹੋ ਗਏ ਸਨ, ਹੁਣ ਹਾਲ ਇਹ ਹੈ ਕਿ ਉਨ੍ਹਾਂ ਪਿੰਡਾਂ ਵਿੱਚ ਖੇਤੀ ਕਰਨ ਵਾਲ਼ੇ ਵਿਰਲੇ ਹੀ ਰਹਿ ਗਏ ਹਨ। ਉਨ੍ਹਾਂ ਦੇ ਪਿੰਡਾਂ ਵਿਚਲੇ ਮਕਾਨਾਂ (ਕੋਠੀਆਂ) ਦੀਆਂ ਛੱਤਾਂ ਉਪਰ ਵੀ ਹਵਾਈ ਜਹਾਜ਼ ਬਣੇ ਦੇਖੇ ਜਾ ਸਕਦੇ ਹਨ। ਪਰ ਬਹੁਤੇ ਘਰਾਂ ਅੰਦਰ ਰਹਿਣ ਵਾਲਾ ਜਾਂ ਤਾਂ ਕੋਈ ਨਹੀਂ, ਜਾਂ ਕਿਸੇ ਨੁੱਕਰੇ ਕੋਈ ਭਈਆ ਪਰਿਵਾਰ ਰਹਿੰਦਾ ਮਿਲਦਾ ਹੈ। ਮਾਲਵਾ ਇਲਾਕੇ ਦੇ ਮੋਗਾ, ਲੁਧਿਆਣਾ, ਪਟਿਆਲ਼ਾ ਅਤੇ ਇਨ੍ਹਾਂ ਦੇ ਨਾਲ ਲਗਦੇ ਇਲਾਕਿਆਂ ਦੇ ਲੋਕ ਵੀ ਰੀਸੋ-ਰੀਸ ਹਿਜਰਤ ਕਰਨ ਵਿੱਚ ਕਾਫ਼ੀ ਅੱਗੇ ਨਿਕਲ ਗਏ। ਪਿੱਛੇ ਰਹਿ ਗਿਆ ਸੰਗਰੂਰ, ਬਠਿੰਡਾ, ਮਾਨਸਾ, ਮੁਕਤਸਰ ਸਾਹਿਬ ਅਤੇ ਸਾਰਾ ਦੱਖਣੀ ਮਾਲਵਾ। ਹੁਣ ਇਨ੍ਹਾਂ ਦੀ ਵਾਰੀ ਆਈ ਲੱਗਦੀ ਹੈ।

ਲਗਦੈ ਇਹ ਦੱਖਣੀ ਮਲਵੱਈ ਰਹਿੰਦੀ ਕਸਰ ਕੱਢ ਦੇਣਗੇ। ਸ਼ਹਿਰਾਂ, ਮੰਡੀਆਂ, ਕਸਬਿਆਂ, ਇੱਥੋਂ ਤੱਕ ਕਿ ਪਿੰਡਾਂ ਵਿੱਚ ਵੀ ਆਈਲਟਸ (IELETS) ਦੀ ਸਿਖਲਾਈ ਦੇਣ ਅਤੇ ਟੈਸਟ ਪਾਸ ਕਰਾਉਣ ਦੇ ਕੇਂਦਰ (ਦੁਕਾਨਾਂ) ਖੁੱਲ੍ਹ ਗਏ ਹਨ। ਗੇਂਦਾ ਮੈਂਬਰ ਗੱਲ ਲਾ ਕੇ ਕਰਦੈ ਪਰ ਕਹਿੰਦਾ ਠੀਕ ਹੈ, ਅਖੇ ਏਨੀਆਂ ਤਾਂ ਚਾਹ ਦੀਆਂ ਦੁਕਾਨਾਂ ਵੀ ਨਹੀਂ ਹੈਗੀਆਂ। ਇਹ ਕੇਂਦਰਾਂ ਵਾਲ਼ੇ ਪਿੰਡਾਂ ਦੀਆਂ ਕੰਧਾਂ 'ਤੇ ਪੋਸਟਰ ਚਿਪਕਾ ਕੇ ਜਾਂ ਲਿਖਵਾ ਕੇ ਆਪੋ ਆਪਣੀ ਮਸ਼ਹੂਰੀ ਕਰ ਰਹੇ ਨਿਰੰਤਰ ਇੱਕ ਦੂਜੇ ਤੋਂ ਵੱਧ ਗਾਹਕ (ਨੌਜਵਾਨ ਵਿਦਿਆਰਥੀ) ਖਿੱਚਣ ਲਈ ਪੂਰਾ ਤਾਣ ਲਾ ਰਹੇ ਹਨ , ਹੱਥਾਂ 'ਤੇ ਸਰ੍ਹੋਂ ਜਮਾ ਕੇ ਚੰਗੀ ਕਮਾਈ ਕਰ ਰਹੇ ਹਨ।

ਕੋਈ ਤਿੰਨ ਚਾਰ ਦਹਾਕੇ ਪਹਿਲਾਂ ਸਿੱਖਿਆ ਖੇਤਰ ਦੇ ਵਿਸਥਾਰ ਤਹਿਤ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਨਿੱਜੀ ਖੇਤਰ ਦੇ (ਪ੍ਰਾਈਵੇਟ) ਸਕੂਲ ਖੁੱਲ੍ਹੇ ਸਨ। ਉਸ ਮਗਰੋਂ ਥਾਂ-ਥਾਂ ਕਾਲਜ ਖੁੱਲ੍ਹੇ, ਪੋਲੀਟੈਕਨਿਕ, ਇੰਜੀਨੀਅਰਿੰਗ, ਮੈਡੀਕਲ, ਕਮਰਸ, ਐਮ ਬੀ ਏ , ਨਰਸਿੰਗ ਅਤੇ ਹਰ ਤਰ੍ਹਾਂ ਦੇ ਕਿੱਤਾ-ਮੁਖੀ ਕੋਰਸਾਂ ਦੀਆਂ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਹੋਂਦ ਵਿੱਚ ਆਈਆਂ, ਜ਼ਿਆਦਾਤਰ ਨਿੱਜੀ ਖੇਤਰ ਵਿੱਚ। ਕਿਹਾ ਜਾਂਦਾ ਸੀ ਕਿ ਜਿੱਥੇ ਕਿਤੇ ਟਿੱਬੇ, ਕੱਲਰ, ਬੇ-ਆਬਾਦ ਜਾਂ ਵਿਕਣਯੋਗ ਜ਼ਮੀਨ ਮਿਲੀ, ਉੱਥੇ ਇਹ ਸੰਸਥਾਵਾਂ ਖੁੰਬਾਂ ਵਾਂਗ ਉਗ ਆਈਆਂ। ਓਦੋਂ ਇਨ੍ਹਾਂ ਨੂੰ ਚੰਗੇ ਦਾਖਲੇ ਮਿਲੇ। ਹੁਣ ਹਾਲਤ ਇਹ ਹੈ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਬੰਦ ਹੋ ਚੁੱਕੀਆਂ ਹਨ, ਕਈ ਹੋਰ ਬੰਦ ਹੋਣ ਕਿਨਾਰੇ ਹਨ । ਇਨ੍ਹਾਂ ਦੇ ਮਲ਼ਾਈ ਖਾਣ ਦਾ ਵੇਲ਼ਾ ਬੀਤ ਰਿਹਾ ਜਾਪਦਾ ਹੈ। ਇਸ ਦਾ ਇੱਕੋ ਇੱਕ ਕਾਰਨ ਵਿਦਿਆਰਥੀਆਂ ਅੰਦਰ ਪਰਵਾਸ ਦਾ ਰੁਝਾਨ ਹੈ। ਮੌਜੂਦਾ ਸਥਾਪਤ ਸੰਸਥਾਵਾਂ ਤੋਂ ਸਿੱਖਿਆ-ਪ੍ਰਾਪਤ ਵਿਦਿਆਰਥੀ ਤੇ ਸਿਖਿਆਰਥੀ ਡਿਗਰੀਆਂ ਲੈ ਕੇ ਨੌਕਰੀਆਂ ਦੀ ਤਲਾਸ਼ ਵਿੱਚ ਖੱਜਲ-ਖੁਆਰ ਹੋ ਰਹੇ ਹਨ। ਉਨ੍ਹਾਂ ਵਿੱਚ ਨਿਰਾਸਤਾ ਹੈ। ਅੱਗੋਂ ਡਿਗਰੀਆਂ ਲੈਣ ਵਾਲਿਆਂ ਨੂੰ ਕੋਈ ਉਮੀਦ ਨਹੀਂ ਦਿਸਦੀ। ਉਨ੍ਹਾਂ ਦੀਆਂ ਅੱਖਾਂ ਵਿੱਚ ਬਿਹਤਰ ਜ਼ਿੰਦਗੀ ਦੇ ਸੁਪਨੇ ਹਨ। ਉਮੀਦ ਦੀ ਕਿਰਨ ਪਰਵਾਸ ਰਾਹੀਂ ਦਿਸ ਰਹੀ ਹੈ। ਸੋ ਅਜ਼ਮਾਉਣਾ ਚਾਹੁੰਦੇ ਹਨ। ਅਜਿਹੇ ਸਮੇਂ ਕੁੱਝ ਮੁਲਕਾਂ (ਕੈਨੇਡਾ, ਆਸਟ੍ਰੇਲੀਆ, ਇੰਗਲੈਂਡ, ਨਿਊਜ਼ੀਲੈਂਡ ਵਗੈਰਾ) ਨੇ ਆਪਣੇ ਬੂਹੇ ਵਿਦਿਆਰਥੀਆਂ ਲਈ ਖੋਲ੍ਹ ਰੱਖੇ ਹਨ। ਵਿਸ਼ੇਸ਼ ਤੌਰ 'ਤੇ ਕੈਨੇਡਾ ਜਾਣ ਲਈ ਆਈਲਟਸ ਦਾ ਟੈਸਟ ਨਿਰਧਾਰਤ ਅੰਕਾਂ ਵਿੱਚ ਪਾਸ ਕਰਨ ਦੀ ਸ਼ਰਤ ਹੈ। ਦਾਖਲਾ ਕਿਸੇ ਨਾ ਕਿਸੇ ਕਾਲਜ ਦੇ ਕਿਸੇ ਨਾ ਕਿਸੇ ਕੋਰਸ ਵਿੱਚ ਮਿਲ ਹੀ ਜਾਂਦਾ ਹੈ। ਇਸ ਉਪ੍ਰੰਤ ਸਟੱਡੀ-ਵੀਜ਼ਾ ਮਿਲਨਾ ਆਸਾਨ ਹੋ ਜਾਂਦਾ ਹੈ। ਬਹੁਗਿਣਤੀ ਬੱਚੇ ਬਾਰ੍ਹਵੀਂ ਜਮਾਤ (ਫਲੱਸ -2) ਕਰਨ ਸਾਰ ਭਾਰਤ ਦੇ ਕਿਸੇ ਕਾਲਜ ਜਾਣ ਨਾਲ਼ੋਂ ਬਾਹਰਲੇ ਮੁਲਕ (ਜ਼ਿਆਦਾਤਰ ਕੈਨੇਡਾ) ਵਿੱਚ ਜਾ ਕੇ ਪੜ੍ਹਾਈ ਕਰਨ ਨੂੰ ਤਰਜੀਹ ਦੇ ਰਹੇ ਹਨ। ਉਨ੍ਹਾਂ ਦਾ ਤਰਕ ਹੈ ਕਿ ਜੋ ਖ਼ਰਚਾ ਉਨ੍ਹਾਂ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਉਪਰ ਕਰਨਾ ਹੈ ਅਤੇ ਵਿਆਹ ਸਮੇਂ ਕਰਨਾ ਹੈ, ਮਾਪੇ ਉਹੀ ਉਨ੍ਹਾਂ ਨੂੰ ਬਾਹਰ ਭੇਜਣ 'ਤੇ ਕਰ ਦੇਣ। ਇਹ ਤਰੀਕਾ ਇਨ੍ਹਾਂ ਵਿਦਿਆਰਥੀਆਂ ਨੂੰ ਵੀ ਰਾਸ ਆ ਰਿਹਾ ਹੈ ਅਤੇ ਮਾਪਿਆਂ ਨੂੰ ਵੀ। ਵਿਦੇਸ਼ੀ ਵਿੱਦਿਅਕ ਸੰਸਥਾਵਾਂ ਨੂੰ ਤਾਂ ਬਹੁਤਾ ਹੀ ਰਾਸ ਆ ਰਿਹਾ ਹੈ। ਉਨ੍ਹਾਂ ਦੀਆਂ ਸੀਟਾਂ ਨੱਕੋ-ਨੱਕ ਭਰ ਰਹੀਆਂ ਹਨ। ਫੀਸਾਂ ਵੀ ਉੱਥੋਂ ਦੇ ਆਪਣੇ ਵਿਦਿਆਰਥੀਆਂ ਨਾਲ਼ੋਂ ਦੁੱਗਣੀਆਂ ਤਿੱਗਣੀਆਂ ਵਸੂਲ ਕਰਦੀਆਂ ਹਨ। ਇਸ ਵਰਤਾਰੇ ਦਾ ਸਿੱਧਾ ਅਸਰ ਇਹ ਹੈ ਕਿ ਜਿੱਥੇ ਪੰਜਾਬ ਦੇ ਇਹ ਅਦਾਰੇ ਦਾਖਲਿਆਂ ਦੀ ਘਾਟ ਕਾਰਨ ਬੰਦ ਹੋਣ ਦੀ ਨੌਬਤ ਝੱਲ ਰਹੇ ਹਨ, ਉੱਥੇ ਦੂਜੇ ਮੁਲਕਾਂ ਦੇ ਅਦਾਰੇ ਵਿਸਤਾਰ ਕਰ ਰਹੇ ਹਨ, ਮਾਲੋਮਾਲ ਹੋ ਰਹੇ ਹਨ। ਹਰ ਸਾਲ ਅੱਘਰੀ ਦਾ ਸਰਮਾਇਆ ਫੀਸਾਂ ਦੀ ਸ਼ਕਲ ਵਿੱਚ ਜਾਣ ਨਾਲ ਪੰਜਾਬ ਦੀ ਆਰਥਕਤਾ ਨੂੰ ਧੱਕਾ ਲੱਗਣਾ ਸੁਭਾਵਕ ਹੈ ਪਰ ਕੈਨੇਡਾ ਵਰਗੇ ਮੁਲਕਾਂ ਨੂੰ ਆਰਥਕ ਪੱਖੋਂ ਚੋਖਾ ਫ਼ਾਇਦਾ ਹੋ ਰਿਹਾ ਹੈ। ਨਾਲ ਹੀ ਕੈਨੇਡਾ ਨੂੰ ਵਿਦਿਆਰਥੀਆਂ ਦੇ ਰੂਪ ਵਿੱਚ ਸਸਤੀ ਤੇ ਵਾਧੂ ਮਜ਼ਦੂਰੀ ਮਿਲ ਰਹੀ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਮਜਬੂਰਨ ਘੱਟ ਉਜਰਤਾਂ 'ਤੇ ਕੰਮ ਕਰਨਾ ਪੈਂਦਾ ਹੈ। ਲਾ ਪਾ ਕੇ

ਅਜਿਹਾ ਵਰਤਾਰਾ ਕਾਰਪੋਰੇਟ ਢਾਂਚੇ ਨੂੰ ਬੜਾ ਸੂਤ ਬੈਠਦਾ ਹੈ। ਕਾਰਲ ਮਾਰਕਸ ਨੇ 'ਦਾਸ ਕੈਪੀਟਲ' ਵਿੱਚ ਇਸ ਸਸਤੀ ਜਾਂ ਵਾਧੂ ਮਜ਼ਦੂਰੀ ਨੂੰ, ਜਾਂ ਕਹੋ ਮਜ਼ਦੂਰੀ ਦੀ ਬਹੁਲਤਾ ਨੂੰ 'ਸਰਪਲੱਸ ਲੇਬਰ' ਜਾਂ 'ਆਰਮੀ ਆਫ ਲੇਬਰ' ਦਾ ਨਾਂ ਦਿੱਤਾ ਸੀ। ਸੋ ਜਾਣੇ-ਅਨਜਾਣੇ ਇੱਕ ਤਰ੍ਹਾਂ ਨਾਲ ਕਾਰਪੋਰੇਟ ਦਾ ਪੱਖ ਪੂਰਿਆ ਜਾ ਰਿਹਾ ਹੈ।

ਪੰਜਾਬ, ਖਾਸ ਕਰ ਕੇ ਮਾਲਵੇ ਦੇ ਇਸ ਖਿੱਤੇ ਵਿੱਚ ਇਉਂ ਲਗਦਾ ਹੈ ਜਿਵੇਂ ਕੁੜੀਆਂ ਮੁੰਡਿਆਂ ਨਾਲ਼ੋਂ ਜ਼ਿਆਦਾ ਸੰਜੀਦਗੀ ਅਤੇ ਜ਼ਿੰਮੇਵਾਰੀ ਨਾਲ ਪੜ੍ਹਾਈ ਕਰਦੀਆਂ ਹਨ। ਉਹ ਮੁੰਡਿਆਂ ਦੀ ਨਿਸਬਤ ਸ਼ਾਇਦ ਆਈਲਟਸ ਪਾਸ ਕਰਨ ਵਿੱਚ ਜ਼ਿਆਦਾ ਸਫਲ ਹੁੰਦੀਆਂ ਹਨ। ਇਹ ਗ਼ਲਤ ਵੀ ਹੋ ਸਕਦਾ ਹੈ ਪਰ ਇੱਕ ਹੋਰ ਵਰਤਾਰਾ ਇਸ ਪਾਸੇ ਵੱਲ ਇਸ਼ਾਰਾ ਕਰਦਾ ਹੈ। ਆਈਲਟਸ ਪਾਸ ਕਰਨ ਵਾਲ਼ੀਆਂ ਕੁਛ ਕੁੜੀਆਂ ਨੂੰ ਆਈਲਟਸ ਪਾਸ ਨਾ ਕਰਨ ਵਾਲ਼ੇ ਮੁੰਡਿਆਂ ਦੇ ਮਾਪਿਆਂ ਵੱਲੋਂ ਪੇਸ਼ਕਸ਼ ਹੁੰਦੀ ਹੈ ਕਿ ਉਹ ਉਨ੍ਹਾਂ ਦੇ ਵਿਆਹ ਅਤੇ ਕੈਨੇਡਾ ਜਾਣ, ਉੱਥੇ ਰਹਿਣ ਸਮੇਤ ਫੀਸ ਦਾ ਖਰਚਾ ਦੇਣਗੇ। ਇਉਂ ਕੁੜੀ ਦੇ ਮਾਪਿਆਂ ਨੂੰ ਖਰਚੇ ਤੋਂ ਰਾਹਤ ਤਾਂ ਮਿਲ ਜਾਂਦੀ ਹੈ ਪਰ ਕਈ ਵਾਰ ਅਣਭੋਲ ਉਮਰ ਦੀ ਸ਼ਾਦੀ ਦਾ ਖ਼ਮਿਆਜ਼ਾ ਤਾਂ ਉਸ ਵਿਚਾਰੀ ਲੜਕੀ ਨੂੰ ਹੀ ਭੁਗਤਣਾ ਪੈ ਸਕਦਾ ਹੈ। ਇਸ ਮਜਬੂਰੀ ਨੂੰ ਕੀ ਕਹੀਏ - ਧੀਆਂ ਗਊਆਂ ਦਾ ਉਜ਼ਰ ਨਾ ਕੋਈ -----ਤੋਰ ਦੇਣਗੇ। ਖ਼ੈਰ, ਮੁੰਡਾ ਹੋਵੇ ਜਾਂ ਕੁੜੀ, ਮਾਪੇ ਹਰ ਹੀਲੇ ਔਲਾਦ ਨੂੰ ਬਾਹਰ ਭੇਜਣ ਦਾ ਹੂਲਾ ਫਕਦੇ ਹਨ। ਉਨ੍ਹਾਂ ਨੂੰ ਕਿੱਲਾ ਜਾਂ ਦੋ ਕਿੱਲੇ ਬੈਅ ਕਰਨੇ ਏਨੇ ਔਖੇ ਨਹੀਂ ਲਗਦੇ। ਮਗਰੋਂ ਜੋ ਮਰਜ਼ੀ ਹੁੰਦਾ ਫਿਰੇ। ਜੋ ਪੈਸਾ ਖੇਤੀ ਦੇ ਸਾਧਨਾਂ ਉਪਰ ਜਾਂ ਜੀਵਨ ਪੱਧਰ ਚੰਗਾ ਬਨਾਉਣ ਜਾਂ ਸਹੂਲਤਾਂ ਪ੍ਰਾਪਤ ਕਰਨ ਲਈ ਲੱਗ ਸਕਦਾ ਹੈ, ਉਹ ਤਾਂ ਬਾਹਰ ਨੂੰ ਜਾ ਰਿਹਾ ਹੈ। ਹੁਣ ਤਾਂ ਲਗਦਾ ਹੈ ਜਿਵੇਂ ਬੱਚਿਆਂ ਨੂੰ ਬਾਰ੍ਹਵੀਂ ਜਮਾਤ ਪਾਸ ਕਰਾ ਕੇ ਹਰ ਹੀਲੇ ਬਾਹਰ ਭੇਜਣ ਦੀ ਹੋੜ ਲੱਗੀ ਹੋਈ ਹੈ। ਬੱਚਿਆਂ 'ਤੇ ਏਨਾ ਮਾਨਸਿਕ ਦਬਾਅ ਹੁੰਦਾ ਹੈ ਕਿ ਆਈਲਟਸ ਕਰਨਾ ਹੀ ਕਰਨਾ ਹੈ, ਭਾਵੇਂ ਸੱਤ ਅੱਠ ਵਾਰ ਟੈਸਟ ਦੇਣਾ ਪਵੇ। ਇਸ ਮੰਤਵ ਲਈ ਕਈ ਹੀਲੇ ਅਖ਼ਤਿਆਰ ਕਰਨੇ ਪੈਂਦੇ ਹਨ।

ਮਾਨਸਾ-ਬਰਨਾਲ਼ਾ ਰੋਡ ਉਪਰ ਪੈਂਦੇ ਪਿੰਡ ਹੰਢਿਆਇਆ ਅਤੇ ਧੌਲ਼ਾ ਦੀ ਹੱਦ ਲਾਗੇ ਧੌਲੇ ਦੀ ਜ਼ਮੀਨ ਉੱਤੇ 'ਗੁਰਦੁਆਰਾ ਅੜੀ ਸਾਹਿਬ' ਸਥਿੱਤ ਹੈ। ਪਹਿਲਾਂ ਇਸ ਬਾਰੇ ਨੇੜੇ ਤੇੜੇ ਦੇ ਲੋਕਾਂ ਨੂੰ ਵੀ ਪੂਰਾ ਪਤਾ ਨਹੀਂ ਸੀ। ਹੁਣ ਇਸ ਸਥਾਨ ਦੀ ਮਹਿਮਾ ਮਾਲਵੇ ਦੇ ਇਸ ਖਿੱਤੇ ਵਿੱਚ ਬਹੁਤ ਹੋ ਰਹੀ ਹੈ। ਦੱਸਣ ਮੁਤਾਬਕ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਇਸ ਥਾਂ ਤੋਂ ਲੰਘ ਰਹੇ ਸਨ ਤਾਂ ਇੱਥੇ ਆ ਕੇ ਉਨ੍ਹਾਂ ਦਾ ਘੋੜਾ ਵੀਹਰ ਗਿਆ, ਜਾਣੀ ਅੱਗੇ ਜਾਣ ਤੋਂ ਅੜੀ ਕਰ ਕੇ ਖੜ੍ਹ ਗਿਆ। ਸਿੱਖਾਂ ਦੇ ਪੁੱਛਣ 'ਤੇ ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਇਸ ਤੋਂ ਅਗਲੇ ਖੇਤਾਂ ਵਿੱਚ ਮੁਸਲਮਾਨ ਤੰਬਾਕੂ ਦੀ ਖੇਤੀ ਕਰਦੇ ਸਨ ਜਿਸ ਕਰ ਕੇ ਘੋੜਾ ਓਧਰ ਜਾਣ ਤੋਂ ਇਨਕਾਰੀ ਹੈ। ਅੱਜ ਦੇ ਸੰਦਰਭ ਵਿੱਚ 'ਅੜੀ' ਸ਼ਬਦ ਨੂੰ ਬੜਾ ਸਾਰਥਕ ਤਰੀਕੇ ਨਾਲ਼ ਵਰਤਿਆ ਜਾ ਰਿਹਾ ਹੈ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਜਿਹੜਾ ਏਥੇ ਸੁੱਖ ਸੁੱਖੇਗਾ, ਉਸ ਦੇ ਅੜੇ ਹੋਏ ਕੰਮ ਪੂਰੇ ਹੋਣਗੇ। ਆਈਲਟਸ ਦੇ ਟੈਸਟਾਂ ਵਿੱਚ ਵਾਰ ਵਾਰ ਅਸਫਲ ਰਹਿਣ ਵਾਲਿਆਂ ਲਈ ਜਾਂ ਫਿਰ ਪਹਿਲੀ ਵਾਰੀ ਪਾਸ ਹੋਣ ਲਈ ਜਾਂ ਵੀਜ਼ਾ ਮਿਲਣ ਵਿੱਚ ਆ ਰਹੀਆਂ ਅੜਚਨਾਂ ਦੂਰ ਕਰਨ ਲਈ ਸੁੱਖਾਂ ਸੁੱਖਣ ਵਾਲੀਆਂ ਸੰਗਤਾਂ ਨੇ ਵਹੀਰਾਂ ਘੱਤ ਲਈਆਂ। ਪਿੰਡਾਂ ਵਿੱਚ ਗੁਰਦੁਆਰੇ ਜਾਂ ਕਿਸੇ ਸਾਂਝੇ ਸਪੀਕਰ ਤੋਂ ਬੋਲਿਆ ਜਾਂਦਾ ਹੈ ਕਿ ਜਿਨ੍ਹਾਂ ਨੇ ਗੁਰਦੁਆਰਾ ਅੜੀ ਸਾਹਿਬ ਜਾਣਾ ਹੈ, ਉਹ ਦਸ ਪੰਦਰਾਂ ਮਿੰਟਾਂ ਤੱਕ ਬਾਹਰਲੇ (ਜਾਂ ਫਲਾਣੇ) ਅੱਡੇ 'ਤੇ ਆ ਜਾਣ, ਬੱਸ (ਜਾਂ ਵੈਨ) ਤਿਆਰ ਹੈ। ਓਧਰ ਹੰਢਿਆਏ ਕੈਂਚੀਆਂ ਉਪਰ ਸੰਗਤਾਂ ਨੂੰ ਲਿਜਾਣ ਵਾਲੇ ਟੈਂਪੂ ਵਗੈਰਾ ਚੰਗੀ ਕਮਾਈ ਕਰ ਰਹੇ ਹਨ। ਗੁਰਦੁਆਰਾ ਸਾਹਿਬ ਦੇ ਲਵੇ ਲੌਣੇ ਦੁਕਾਨਦਾਰਾਂ ਦੀ ਚਾਂਦੀ ਹੈ। ਸ਼ਰਧਾਲੂ ਲੱਕੜ ਜਾਂ ਪਲਾਸਟਿਕ ਦੇ ਖਿਡੌਣੇ-ਨੁਮਾ ਹਵਾਈ ਜਹਾਜ਼ ਭੇਟ ਕਰਦੇ ਹਨ, ਇਸ ਮਨਸ਼ਾ ਨਾਲ ਕਿ ਉਨ੍ਹਾਂ ਦੀ ਔਲਾਦ ਆਈਲਟਸ ਪਾਸ ਕਰ ਕੇ, ਵੀਜ਼ਾ ਲਵਾ ਕੇ, ਹਵਾਈ ਜਹਾਜ਼ ਵਿੱਚ ਬਹਿ ਕੇ ਕੈਨੇਡਾ (ਜਾਂ ਕਿਸੇ ਹੋਰ ਮੁਲਕ) ਪਹੁੰਚ ਜਾਵੇ। ਪ੍ਰਬੰਧਕਾਂ ਵੱਲੋਂ ਇਸ ਮਨਮੱਤ ਦੇ ਖਿਲਾਫ਼ ਬੇਨਤੀਆਂ ਵੀ ਕੀਤੀਆਂ ਜਾਂਦੀਆਂ ਹਨ। ਪਰ ਵਾਰੇ ਵਾਰੇ ਜਾਈਏ ਮੇਰੇ ਲੋਕਾਂ ਦੀ ਹੱਠ ਦੇ।

> ਅੱਗੋਂ ਡਿਗਰੀਆਂ ਲੈਣ ਵਾਲਿਆਂ ਨੂੰ ਕੋਈ ਉਮੀਦ ਨਹੀਂ ਦਿਸਦੀ। ਉਨ੍ਹਾਂ ਦੀਆਂ ਅੱਖਾਂ ਵਿੱਚ ਬਿਹਤਰ ਜ਼ਿੰਦਗੀ ਦੇ ਸੁਪਨੇ ਹਨ। ਉਮੀਦ ਦੀ ਕਿਰਨ ਪਰਵਾਸ ਰਾਹੀਂ ਦਿਸ ਰਹੀ ਹੈ। ਸੋ ਅਜ਼ਮਾਉਣਾ ਚਾਹੁੰਦੇ ਹਨ। ਅਜਿਹੇ ਸਮੇਂ ਕੁੱਝ ਮੁਲਕਾਂ (ਕੈਨੇਡਾ, ਆਸਟ੍ਰੇਲੀਆ, ਇੰਗਲੈਂਡ, ਨਿਊਜ਼ੀਲੈਂਡ ਵਗੈਰਾ) ਨੇ ਆਪਣੇ ਬੂਹੇ ਵਿਦਿਆਰਥੀਆਂ ਲਈ ਖੋਲ੍ਹ ਰੱਖੇ ਹਨ।

ਇਸ ਅਪਹੁਦਰੇ ਬੇਰੋਕ ਪਰਵਾਸ ਦਾ ਇਨ੍ਹਾਂ ਵਿਦਿਆਰਥੀਆਂ ਦੇ ਜੀਵਨ ਤੋਂ ਇਲਾਵਾ ਪੰਜਾਬ ਦੇ ਅਰਥਚਾਰੇ, ਸਮਾਜਿਕ ਵਿਵਸਥਾ, ਸੱਭਿਆਚਾਰ ਅਤੇ ਭਾਈਚਾਰਕ ਤਾਣੇ-ਬਾਣੇ ਉਪਰ ਜੋ ਪ੍ਰਭਾਵ ਪੈਣਾ ਹੈ, ਉਸ ਬਾਰੇ ਕਿਆਸ ਕਰਨਾ ਹਾਲੇ ਤਰਕਸੰਗਤ ਨਹੀਂ ਹੋਣਾ ਪਰ ਸਮਾਂ ਬੀਤਣ ਨਾਲ ਸਭ ਸਪਸ਼ਟ ਹੋ ਜਾਵੇਗਾ।

ਆਰਥਕ ਤੌਰ 'ਤੇ ਤਾਂ ਸਾਫ਼ ਹੈ ਕਿ ਜੋ ਸਰਮਾਇਆ ਬਾਹਰ ਜਾ ਰਿਹਾ ਹੈ, ਇਸ ਦਾ ਪੰਜਾਬ ਦੇ ਅਰਥਚਾਰੇ ਨੂੰ ਨੁਕਸਾਨ ਹੈ। ਇਹ ਸਰਮਾਇਆ ਮਨੁੱਖੀ ਸ੍ਰੋਤ ਵੱਜੋਂ ਵੀ ਜਾ ਰਿਹਾ ਹੈ, ਹੁਨਰ ਵੀ ਖਿਸਕ ਰਿਹਾ ਹੈ। ਤਰੱਕੀ ਦੀ ਰਫ਼ਤਾਰ ਮੱਧਮ ਪੈਣ ਦਾ ਖ਼ਦਸ਼ਾ ਜਾਇਜ਼ ਹੈ। ਸਾਫ਼ ਹੈ ਕਿ ਇਨ੍ਹਾਂ ਨੌਜਵਾਨਾਂ ਵਿੱਚੋਂ ਜਿਨ੍ਹਾਂ ਨੇ ਮਾਹਿਰ ਸਾਇੰਸਦਾਨ, ਡਾਕਟਰ, ਇੰਜੀਨੀਅਰ, ਵਕੀਲ, ਜੱਜ, ਸ਼ਿਲਪੀ, ਸਨਅਤਕਾਰ, ਸਾਹਿਤਕਾਰ, ਕਲਾਕਾਰ, ਅਧਿਆਪਕ, ਸਮਾਜ ਸੁਧਾਰਕ ਜਾਂ ਆਗੂ ਬਨਣਾ ਸੀ, ਭਾਰਤ ਤੇ ਪੰਜਾਬ ਉਸ ਤੋਂ ਵਿਰਵਾ ਹੋ ਰਿਹਾ ਹੈ। ਇਹ ਘਾਟਾ ਨਾ-ਪੂਰਨਯੋਗ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਓਪਰੇ ਮਾਹੌਲ ਵਿੱਚ ਜਾ ਕੇ ਆਪਣੇ ਆਪ ਨੂੰ ਢਾਲਣ ਵਿਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵੱਡੀ ਸਮੱਸਿਆ ਰਿਹਾਇਸ਼ ਦੀ ਹੈ ਜਿਸ ਦੀ ਉਪਲਭਤਾ ਬਹੁਤ ਘੱਟ ਹੈ। ਕਿਰਾਏ ਅਸਮਾਨ ਚੜ੍ਹੇ ਹੋਏ ਹਨ। ਕੰਮ ਬਹੁਤ ਘੱਟ ਮਿਲਦੇ ਹਨ। ਜੇ ਮਿਲਦੇ ਵੀ ਹਨ ਤਾਂ ਨਿਰਧਾਰਤ ਨਾਲ਼ੋਂ ਘੱਟ ਉਜਰਤ ਲੈ ਕੇ ਸਬਰ ਕਰਨਾ ਪੈਂਦਾ ਹੈ। ਪਿੱਛੇ ਕਰਜ਼ਈ ਮਾਪਿਆਂ ਨੂੰ ਯਾਦ ਕਰ ਕੇ ਮਾਨਸਿਕ ਤਣਾਅ ਰਹਿੰਦਾ ਹੈ। ਕੈਨੇਡਾ ਅੰਦਰ ਵਿਦਿਆਰਥੀਆਂ ਨੂੰ ਦਿਲ ਦਾ ਦੌਰਾ ਪੈਣ ਅਤੇ ਖ਼ੁਦਕੁਸ਼ੀ ਕਰਨ ਵਰਗੇ ਅਨੇਕਾਂ ਕੇਸ ਹੋਏ ਹਨ। ਕੁੱਝ ਨੌਜਵਾਨ ਨਸ਼ਾ ਤਸਕਰਾਂ ਜਾਂ ਹੋਰ ਗ਼ੈਰਸਮਾਜੀ ਅਨਸਰਾਂ ਦੇ ਧੱਕੇ ਚੜ੍ਹ ਜਾਂਦੇ ਹਨ, ਨਸ਼ਿਆਂ ਦਾ ਸ਼ਿਕਾਰ ਹੋ ਕੇ ਗ਼ਲਤ ਕੰਮ ਕਰ ਬੈਠਦੇ ਹਨ। ਇਸ ਨਾਲ਼ ਸਮੁੱਚੀ ਕੌਮ ਦਾ ਨਾਂ ਬਦਨਾਮ ਹੁੰਦਾ ਹੈ। ਵਰ੍ਹਿਆਂ ਤੋਂ ਕਮਾਏ ਅਕਸ ਨੂੰ ਢਾਹ ਲੱਗਦੀ ਹੈ। ਪਹਿਲਾਂ ਤੋਂ ਆਬਾਦ ਹੋ ਚੁੱਕੇ ਪੰਜਾਬੀ ਇਸ ਰੁਝਾਨ ਤੋਂ ਚਿੰਤਿਤ ਵਿਖਾਈ ਦਿੰਦੇ ਹਨ। ਮਾਲਵੇ ਵਿੱਚ ਵੀ ਆਮ ਲੋਕਾਂ ਨੂੰ ਅਜਿਹੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਹਨ। ਉਹ ਕੈਨੇਡਾ ਤੋਂ ਪਰਤੇ ਵਿਅਕਤੀਆਂ ਤੋਂ ਅਕਸਰ ਪੁੱਛਦੇ ਹਨ,''ਹੁਣ ਤਾਂ ਬਾਈ ਓਧਰ ਮਾਹੌਲ ਖ਼ਰਾਬ ਦੱਸੀਦੈ, ਕਹਿੰਦੇ ਮਹਿੰਗਾਈ ਬਹੁਤ ਹੈ, ਕੰਮ ਨਹੀਂ ਮਿਲਦਾ, ਐਦੂੰ ਤਾਂ ਐਥੇ ਕਿਹੜਾ ਕਾਸੇ ਦਾ ਘਾਟੈ। ਭਲਾ ਤੈਨੂੰ ਕੀ ਲੱਗਦੈ ?'' ਅਜਿਹੇ ਸਵਾਲਾਂ ਦੇ ਸਨਮੁਖ ਉਨ੍ਹਾਂ ਨਾਲ ਸਹਿਮਤ ਹੋਣਾ ਹੀ ਠੀਕ ਲੱਗਦਾ ਹੈ। ਸਾਡੇ ਤਾਂ ਪਹਿਲਾਂ ਤੋਂ ਹੀ ਪ੍ਰਚਲਤ ਹੈ -' ਨਾ ਜਾ ਬਰਮਾ ਨੂੰ, ਲੇਖ ਜਾਣਗੇ ਨਾਲੇ।' 'ਜੇ ਮੁੰਡਿਆ ਤੂੰ ਨੌਕਰ ਹੋਣੈ, ਰਤਾ ਪੈਰ ਨੂੰ ਮਲ ਵੇ, ਤੇਰੀ ਘਰੇ ਨੌਕਰੀ, ਡੂੰਘਾ ਵਾਹ ਲੈ ਹਲ ਵੇ,' 'ਸਾਡੇ ਘਰੇ ਬੜੀ ਰੁਜ਼ਗਾਰ ਵੇ ਮੁੜਿਆ ਲਾਹਮਾਂ ਤੋਂ।' ਬਹੁਤ ਕੇਸ ਅਜਿਹੇ ਹਨ ਕਿ ਏਜੰਟਾਂ ਦੀ ਠੱਗੀ ਕਾਰਨ ਮਾਪਿਆਂ ਦਾ ਪੈਸਾ ਵੀ ਬਰਬਾਦ ਹੋਇਆ, ਨੌਜਵਾਨ ਵੀ ਕਿਸੇ ਤਣ-ਪੱਤਣ ਨਹੀਂ ਲੱਗੇ।

ਚੰਡੀਗੜ੍ਹ ਸਥਿੱਤ ਕੈਨੇਡੀਅਨ ਕੌਂਸਲ ਦੇ ਹਵਾਲੇ ਮੁਤਾਬਕ 2020 ਈ। ਵਿੱਚ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ 80,880 ਸੀ ਜੋ 2021 ਈ। ਵਿੱਚ 1,69,410 ਹੋ ਗਈ ਅਤੇ 2022 ਈ। ਵਿੱਚ ਵੱਧ ਕੇ 2,26,095 ਹੋ ਗਈ ਸੀ। ਤਿੰਨ ਸਾਲਾਂ ਵਿੱਚ ਹੀ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਵਿੱਚ 167 ਪ੍ਰਤੀਸ਼ਤ ਦਾ ਵਾਧਾ ਹੋਇਆ। ਇਨ੍ਹਾਂ ਵਿੱਚੋਂ ਮੁੱਖ ਤੌਰ 'ਤੇ ਬਹੁਤੇ ਪੰਜਾਬ ਅਤੇ ਹਰਿਆਣੇ ਤੋਂ ਹਨ ਤੇ ਉਨ੍ਹਾਂ ਵਿੱਚੋਂ ਬਹੁਤੇ ਪੰਜਾਬ ਤੋਂ ਹਨ। ਪੰਜਾਬੀ ਟ੍ਰਿਬਿਊਨ, 23 ਸਤੰਬਰ,2023 ਦੀ ਖ਼ਬਰ ਹੈ - 'ਵੱਖ-ਵੱਖ ਵੀਜ਼ਾ ਪ੍ਰੋਸੈਸਿੰਗ ਏਜੰਸੀਆਂ ਦੇ ਮੌਜੂਦਾ ਅੰਕੜਿਆਂ ਮੁਤਾਬਕ ਇਸ ਸਮੇਂ ਲਗਭਗ 3।4 ਲੱਖ ਪੰਜਾਬੀ ਕੈਨੇਡਾ ਵਿੱਚ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਾਈ ਕਰ ਰਹੇ ਹਨ।' ਇੱਥੇ ਹੀ ਜ਼ਿਕਰ ਹੈ ਕਿ 'ਖਾਲਸਾ ਵੋਕਸ ਵੱਲੋਂ ਜਾਰੀ ਅੰਕੜਿਆਂ' ਮੁਤਾਬਕ 'ਇਸ ਤਰ੍ਹਾਂ ਪੰਜਾਬ ਤੋਂ ਹਰੇਕ ਸਾਲ 68 ਹਜ਼ਾਰ ਕਰੋੜ ਰੁਪਏ ਬਾਹਰ ਨਿਵੇਸ਼ ਹੋ ਰਹੇ ਹਨ।' ਇਨ੍ਹਾਂ ਅੰਕੜਿਆਂ ਮੁਤਾਬਕ ਪਿਛਲੇ ਸਾਲ ਕੈਨੇਡਾ ਵੱਲੋਂ ਮਨਜ਼ੂਰ ਕੀਤੇ 2,26,450 ਵੀਜ਼ਿਆਂ ਵਿੱਚੋਂ 1,36,000 ਵਿਦਿਆਰਥੀਆਂ ਪੰਜਾਬ ਦੇ ਸਨ। ਮਾਲਵੇ ਦੇ ਇਸ ਖਿੱਤੇ ਵਿੱਚੋਂ ਖਾਸ ਕਰ ਕੇ ਖੇਤੀਬਾੜੀ ਨਾਲ਼ ਸੰਬੰਧਤ ਸੈਕਟਰ ਵਿੱਚੋਂ ਭਾਰੀ ਗਿਣਤੀ ਵਿੱਚ ਹੋ ਰਹੇ ਪਲਾਇਨ ਦੇ ਸਾਰਥਕ ਸਿੱਟੇ ਵੀ ਨਿਕਲ ਸਕਦੇ ਹਨ। ਇੱਕ ਤਾਂ ਜਿਹੜੇ ਵਿਦਿਆਰਥੀਆਂ ਨੂੰ ਡਿਗਰੀਆਂ ਹਾਸਲ ਕਰ ਕੇ ਵੀ ਰੁਜ਼ਗ਼ਾਰ ਨਾ ਮਿਲਣ ਕਰ ਕੇ ਖੱਜਲ-ਖੁਆਰੀ ਹੋਣੀ ਸੀ, ਉਨ੍ਹਾਂ ਨੂੰ ਕੈਨੇਡਾ ਜਾ ਕੇ ਕੋਈ ਨਾ ਕੋਈ ਧੰਦਾ ਕਰ ਕੇ, ਵਿਕਸਤ ਦੇਸ਼ ਦੇ ਚੰਗੇ ਵਾਤਾਵਰਨ ਅਤੇ ਸਿਸਟਮ ਵਿੱਚ ਰਹਿ ਕੇ ਬਿਹਤਰ ਜ਼ਿੰਦਗੀ ਮਾਣਨ ਦਾ ਅਵਸਰ ਮਿਲੇਗਾ, ਔਲਾਦ ਦੇ ਭਵਿੱਖ ਦਾ ਫ਼ਿਕਰ ਨਹੀਂ ਰਹੇਗਾ। ਦੂਜਾ, ਪੰਜਾਬ ਵਿੱਚ ਵਾਹੀਯੋਗ ਜ਼ਮੀਨ ਦੇ ਹੋਰ ਟੁਕੜੇ ਹੋਣ ਨੂੰ ਠੱਲ੍ਹ ਪਵੇਗੀ। ਪਿੱਛੇ ਰਹਿ ਗਏ ਖੇਤੀ ਕਰਨ ਵਾਲੇ ਪਰਿਵਾਰਾਂ ਨੂੰ ਹਿੱਸੇ, ਠੇਕੇ ਤੇ ਲੈ ਕੇ ਜਾਂ ਖ਼ਰੀਦ ਕੇ ਬਹੁਤੀ ਜ਼ਮੀਨ ਤੇ ਖੇਤੀ ਕਰਨ ਦੇ ਮੌਕੇ ਮਿਲਣਗੇ। ਖੇਤੀ ਮਜ਼ਦੂਰਾਂ ਦੀ ਘਾਟ ਪੂਰਨ ਲਈ ਆਧੁਨਿਕ ਮਸ਼ੀਨਰੀ ਅਤੇ ਸੰਦ ਆ ਜਾਣਗੇ। ਇਸ ਨਾਲ਼ ਖੇਤੀ ਸੁਖਾਲੀ ਵੀ ਹੋ ਜਾਵੇਗੀ, ਵੰਨ-ਸੁਵੰਨਤਾ ਵੀ ਆਵੇਗੀ ਅਤੇ ਕਿਸਾਨੀ ਧੰਦੇ ਨਾਲ ਜੁੜੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਣ ਵਿੱਚ ਮੱਦਦ ਮਿਲੇਗੀ। ਨਾਲ ਹੀ ਇਸ ਦੇ ਨਾਂਹ-ਪੱਖੀ ਪ੍ਰਭਾਵ ਨੂੰ ਵੀ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ ਕਿ ਪੈਣ ਵਾਲ਼ਾ ਖਿਲਾਅ ਭਰਨ ਲਈ ਪੂਰਬੀ ਸੂਬਿਆਂ ਤੋਂ (ਭਈਏ) ਆ ਜਾਣਗੇ ਜਿਸ ਕਾਰਨ ਪੰਜਾਬੀ ਸਭਿਆਚਾਰ, ਪੰਜਾਬੀ ਜ਼ਬਾਨ ਅਤੇ ਪੰਜਾਬੀਅਤ ਕਿਰਦਾਰ ਧੁੰਦਲਾ ਪੈ ਜਾਣ ਦਾ ਖ਼ਤਰਾ ਹੈ। ਜੋ ਮਰਜ਼ੀ ਆਵੇ ਪਰ ਪੰਜਾਬ ਦਾ ਸਦੀਆਂ ਪੁਰਾਣਾ ਖਾਸਾ ਕਾਇਮ ਰਹੇ। ਮਿਸਾਲ ਵੱਜੋਂ ਬਠਿੰਡੇ ਸ਼ਹਿਰ ਦੇ ਸਭ ਤੋਂ ਭੀੜ-ਭੜੱਕੇ ਵਾਲ਼ੇ ਭਈਆਂ ਦੁਆਰਾ ਚਲਾਏ ਜਾ ਰਹੇ ਰੈਸਤੋਰਾਂ ਨੁਮਾ ਢਾਬੇ ਦਾ ਮੈਨਿਊ ਸਿਰਫ਼ ਤੇ ਸਿਰਫ਼ ਹਿੰਦੀ ਵਿੱਚ ਹੈ।

ਕੀ ਇਸ ਪਲਾਇਨ ਨੂੰ ਕਦੇ ਠੱਲ੍ਹ ਵੀ ਪਵੇਗੀ ਜਾਂ ਪਰਵਾਸੀ ਪੰਜਾਬੀਆਂ ਅੰਦਰ ਕਦੇ ਪੱਕੇ ਤੌਰ 'ਤੇ ਪਰਤਣ ਦਾ ਮਾਹੌਲ ਵੀ ਬਣੇਗਾ, ਇਹ ਸਭ ਸਮੇਂ ਦੇ ਗਰਭ ਵਿੱਚ ਹੈ। ਚੰਗੀ ਆਸ ਤਾਂ ਰੱਖਣੀ ਬਣਦੀ ਹੈ। ਫ਼ਿਲਹਾਲ ਏਨਾ ਤਾਂ ਕਹਿਣਾ ਵਾਜਬ ਹੈ ਕਿ ਵਹੀਰਾਂ ਘੱਤ ਕੇ ਆ ਰਹੇ ਨੌਜਵਾਨਾਂ ਨੂੰ ਵਿੱਦਿਆ, ਕੰਮ ਕਾਰ, ਸੁਖਾਵਾਂ ਮਾਹੌਲ ਅਤੇ ਰਹਿਣ ਦੇ ਸਾਧਨ ਜੁਟਾਉਣ ਦਾ ਕੰਮ ਤਾਂ ਕੈਨੇਡਾ ਨੂੰ ਹੀ ਕਰਨਾ ਪੈਣਾ ਹੈ। ਤਾਂ ਹੀ ਤਾਂ ਅਗਾਊਂ ਚਿਤਾਵਨੀ ਦੇਣ ਦਾ ਫੁਰਨਾ ਫੁਰਿਆ ਹੈ - ਸਾਂਭ ਲੈ ਕੈਨੇਡਾ ਮੇਰਾ ਮਾਲਵਾ, ਆਉਂਦੇ ਨੇ ਜਹਾਜ਼ ਭਰ ਕੇ।

ਨੋਟ - ਨੌਜਵਾਨਾਂ ਅਤੇ ਵਿਦਿਆਰਥੀਆਂ ਤੋਂ ਮਤਲਬ ਮੁੰਡੇ ਕੁੜੀਆਂ ਦੋਵਾਂ ਲਈ ਹੈ।

ਅੰਕੜੇ ਪੰਜਾਬੀ ਟ੍ਰਿਬਿਊਨ ਦੇ ਧੰਨਵਾਦ ਸਹਿਤ।

# ਦੁਨੀਆਂ ਦਾ ਨਕਸ਼ਾ ਪਲਟ ਸਕਦਾ ਹੈ 'ਭਾਰਤ ਮੱਧ ਪੂਰਬ ਯੂਰਪੀ ਗਲਿਆਰਾ'

ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿਖੇ ਹੁਣੇ ਜਿਹੇ ਬੜੀ ਹੀ ਸਫ਼ਲਤਾ ਅਤੇ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਏ 'ਜੀ 20 ਸਿਖਰ ਸੰਮੇਲਨ 'ਦਾ ਇਕ ਵੱਡਾ ਹਾਸਿਲ 'ਭਾਰਤ ਮੱਧ ਪੂਰਬ ਯੂਰਪੀ ਵਪਾਰਕ ਗਲਿਆਰਾ (ਕਾਰੀਡੋਰ)' ਨੂੰ ਕਿਹਾ ਜਾ ਸਕਦਾ ਹੈ। ਇਸ ਗਲਿਆਰੇ ਨੂੰ ਹਕੀਕੀ ਰੂਪ ਪ੍ਰਦਾਨ ਕਰਨ ਲਈ ਭਾਰਤ,ਅਮਰੀਕਾ, ਕੈਨੇਡਾ,ਜਰਮਨੀ, ਇਟਲੀ,ਸਾਊਦੀ ਅਰਬ,ਸੰਯੁਕਤ ਅਰਬ ਅਮੀਰਾਤ ਅਤੇ ਯਰੂਪੀਅਨ ਯੂਨੀਅਨ ਦੇ ਦੇਸ਼ਾਂ ਨੇ ਸਾਂਝੇ ਤੌਰ 'ਤੇ ਸਮਝੌਤੇ ਉੱਤੇ ਦਸਤਖ਼ਤ ਕਰਕੇ ਸਮੁੱਚੇ ਸੰਸਾਰ ਦੀ ਤਕਦੀਰ ਨੂੰ ਨਵੇਂ ਸਿਰਿਉਂ ਲਿਖਣ ਦਾ ਯਤਨ ਆਰੰਭ ਦਿੱਤਾ ਗਿਆ ਹੈ।ਆਓ ਇਸ ਗਲਿਆਰੇ ਬਾਰੇ ਕੁੱਝ ਦਿਲਚਸਪ ਤੱਥਾਂ ਦੇ ਰੂਬਰੂ ਹੋਈਏ।

ਇਸ ਗੱਲ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਏਸ਼ੀਆ ਵਿੱਚ ਬੀਤੇ ਕਈ ਵਰ੍ਹਿਆਂ ਤੋ ਚੀਨ ਲਗਾਤਾਰ ਆਪਣਾ ਦਬਦਬਾ ਬਣਾ ਰਿਹਾ ਹੈ ਤੇ ਉਸਦੀ ਇਸ ਕੋਸ਼ਿਸ਼ ਨੂੰ ਠੱਲ੍ਹ ਪਾਉਣ ਹਿੱਤ ਭਾਰਤ ਨੇ ਆਪਣੀ ਵਿਦੇਸ਼ ਨੀਤੀ ਅਤੇ ਵਿੱਤੀ ਵਿਉਂਤਬੰਦੀ ਵਿੱਚ ਵੱਡੇ ਪਰਿਵਰਤਨ ਲਿਆਂਦੇ ਹਨ।'ਭਾਰਤ ਮੱਧ ਪੂਰਬ ਯੂਰਪੀ ਵਪਾਰਕ ਗਲਿਆਰਾ ' ਵੀ ਭਾਰਤ ਵੱਲੋਂ ਚੀਨ ਨੂੰ ਇਸ ਖਿੱਤੇ ਵਿੱਚ ਤੇ ਸ਼ਾਇਦ ਪੂਰੀ ਦੁਨੀਆਂ ਵਿੱਚ ਪਛਾੜਨ ਦੇ ਇੱਕ ਵੱਡੇ ਯਤਨ ਵੱਜੋਂ ਵੇਖਿਆ ਜਾ ਰਿਹਾ ਹੈ। ਚੀਨ ਬੀਤੇ ਕੁੱਝ ਵਰ੍ਹਿਆਂ ਤੋਂ ਏਸ਼ੀਆ,ਯਰੂਪ ਅਤੇ ਅਫ਼ਰੀਕਾ ਦਰਮਿਆਨ ਵਪਾਰ ਅਤੇ ਢਾਂਚਾਗਤ ਨੈੱਟਵਰਕ ਖੜ੍ਹਾ ਕਰਨ ਲਈ ਗੰਭੀਰਤਾਪੂਰਵਕ ਯਤਨਸ਼ੀਲ ਹੈ ਤੇ ਇਹ ਗਲਿਆਰਾ ਉਸਦੀਆਂ ਨਾਪਾਕ ਕੋਸ਼ਿਸ਼ਾਂ ਪ੍ਰਤੀ ਭਾਰਤ ਵੱਲੋਂ ਦਿੱਤਾ ਗਿਆ ਕਰਾਰਾ ਜਵਾਬ ਕਿਹਾ ਜਾ ਰਿਹਾ ਹੈ।

'ਭਾਰਤ ਮੱਧ ਪੂਰਬ ਯੂਰਪੀ ਗਲਿਆਰਾ' ਦੇ ਦੋ ਮੁੱਖ ਭਾਗ ਹਨ। ਪਹਿਲਾ ਭਾਗ 'ਪੂਰਬੀ ਗਲਿਆਰਾ' ਹੈ ਜਿਸ ਰਾਹੀਂ ਭਾਰਤ ਪੱਛਮੀ ਏਸ਼ੀਆ ਭਾਵ ਅਰਬ ਦੀ ਖਾੜੀ ਨਾਲ ਜੁੜੇਗਾ ਅਤੇ ਦੂਜਾ ਭਾਗ ਹੈ 'ਉੱਤਰੀ ਗਲਿਆਰਾ ' ਜਿਸ ਰਾਹੀਂ ' ਅਰਬ ਦੀ ਖਾੜੀ ਨੂੰ ਯਰੂਪ ਨਾਲ ਜੋੜਿਆ ਜਾਏਗਾ। ਇਸਦੇ ਤਹਿਤ ਭਾਰਤ ਵਪਾਰ ਲਈ ਸਮੁੰਦਰੀ ਮਾਰਗ ਰਾਹੀਂ ' ਮੁੰਦਰਾ ਬੰਦਰਗਾਹ' ਤੋਂ ਦੁਬਈ ਨਾਲ ਜੁੜੇਗਾ ਤੇ ਫਿਰ ਉਸ ਤੋਂ ਅੱਗੇ ਰੇਲ ਮਾਰਗ ਰਾਹੀਂ ਸਾਊਦੀ ਅਰਬ,ਜਾਰਡਨ, ਇਜ਼ਰਾਈਲ ਆਦਿ ਤੱਕ ਪਹੁੰਚ ਬਣਾਈ ਜਾਵੇਗੀ ਤੇ ਫਿਰ ਜਲ ਮਾਰਗ ਰਾਹੀਂ ਹਾਈਫ਼ਾ ਨਾਮਕ ਸਥਾਨ ਤੋਂ ਯਰੂਪ ਤੱਕ ਪੁੱਜਿਆ ਜਾਵੇਗਾ। ਮੁੰਬਈ ਤੋਂ ਯੂਰਪ ਤੱਕ ਜਾਣ ਵਾਲੇ ਇਸ ਗਲਿਆਰੇ ਦੀ ਲੰਬਾਈ 6 ਹਜ਼ਾਰ ਕਿਲੋਮੀਟਰ ਦੇ ਕਰੀਬ ਹੋਵੇਗੀ ਜਿਸ ਵਿੱਚ 3500 ਕਿਲੋਮੀਟਰ ਸਮੁੰਦਰੀ ਮਾਰਗ ਅਤੇ 2500 ਕਿਲੋਮੀਟਰ ਰੇਲ ਮਾਰਗ ਹੋਵੇਗਾ। ਇਸ ਮਾਰਗ ਰਾਹੀਂ ਵਪਾਰ ਕਰਨ ਨਾਲ ਸਮੂਹ ਸਬੰਧਿਤ ਮੁਲਕਾਂ ਨੂੰ ਵੱਡੀ ਮਾਤਰਾ ਵਿੱਚ ਮਾਲੀਏ ਦੀ ਬੱਚਤ ਹੋਵੇਗੀ। ਉਂਜ ਭਾਰਤ ਤੋਂ ਯੂਰਪ ਤੱਕ ਇਸ ਵੇਲੇ ਸਮਾਨ ਭੇਜਣ ਵਿੱਚ 36 ਦਿਨ ਲੱਗਦੇ ਹਨ ਤੇ ਵੱਡੀ ਰਾਸ਼ੀ ਖ਼ਰਚ ਹੁੰਦੀ ਹੈ ਜੋ ਕਿ ਗਲਿਆਰੇ ਦੀ ਵਰਤੋਂ ਪਿੱਛੋਂ 22 ਦਿਨ ਅਤੇ ਘੱਟ ਖ਼ਰਚ ਵਿੱਚ ਤਬਦੀਲ ਹੋ ਜਾਵੇਗਾ। ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗਲਿਆਰਾ ਜਿੱਥੇ ਇੱਕ ਪਾਸੇ ਉਕਤ ਮੁਲਕਾਂ ਦਰਮਿਆਨ ਵਪਾਰ ਨੂੰ ਵਧਾ ਕੇ ਆਰਥਿਕ ਲਾਭ ਪ੍ਰਦਾਨ ਕਰੇਗਾ ਉੱਥੇ ਹੀ ਵਾਤਾਵਰਣ ਵਿੱਚ ਗ੍ਰੀਨ ਹਾਊਸ ਗੈਸਾਂ ਦੇ ਕੁਪ੍ਰਭਾਵ ਨੂੰ ਘਟਾਉਣ,ਰੁਜ਼ਗਾਰ ਵਿੱਚ ਵਾਧਾ ਕਰਨ ਅਤੇ ਸੂਚਨਾ ਅਤੇ ਤਕਨੀਕ ਦੇ ਆਦਾਨ ਪ੍ਰਦਾਨ ਨੂੰ ਵਧਾ ਕੇ ਮਨੁੱਖੀ ਕਾਰਜਕੁਸ਼ਲਤਾ ਵਿੱਚ ਵਾਧਾ ਕਰਨ ਜਿਹੇ ਮਹੱਤਵਪੂਰਨ ਕਾਰਜਾਂ ਨੂੰ ਅੰਜਾਮ ਤੱਕ ਪਹੁੰਚਾਵੇਗਾ। ਇਹ ਗਲਿਆਰਾ ਦੁਨੀਆਂ ਦੇ ਮਹੱਤਵਪੂਰਨ ਖਿੱਤਿਆਂ ਨੂੰ ਆਪਸ ਵਿੱਚ ਜੋੜ ਕੇ ਸੰਸਾਰ ਪੱਧਰ 'ਤੇ ਵਪਾਰ,ਊਰਜਾ ਅਤੇ ਡਿਜੀਟਲ ਸੰਚਾਰ ਨੂੰ ਇੱਕ ਬਿਹਤਰੀਨ ਦਿਸ਼ਾ ਤੇ ਦਸ਼ਾ ਪ੍ਰਦਾਨ ਕਰੇਗਾ।

ਇਸ ਮਹੱਤਵਪੂਰਨ ਗਲਿਆਰੇ ਨਾਲ ਜੁੜੇ ਕਈ ਰੌਚਿਕ ਤੱਥਾਂ ਵਿੱਚੋਂ ਇੱਕ ਤੱਥ ਇਹ ਹੈ ਕਿ 'ਜੀ 20 ਸਿਖਰ ਸੰਮੇਲਨ ' ਵਿੱਚ ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮਿਲੋਨੀ ਦਾ ਸ਼ਾਮਿਲ ਹੋਣਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਇਟਲੀ ਜੋ ਕਿ ਹੁਣ ਤੱਕ ਚੀਨ ਵੱਲੋਂ ਬਣਾਏ ਗਏ 'ਬੈਲਟ ਐਂਡ ਰੋਡ ਇਨੀਸ਼ਿਏਟਿਵ' ਪ੍ਰਾਜੈਕਟ ਦਾ ਹਿੱਸਾ ਸੀ, ਨੇ ਚੀਨ ਦਾ ਸਾਥ ਤਿਆਗਣ ਵੱਲ ਕਦਮ ਪੁੱਟ ਲਿਆ ਹੈ। ਚੇਤੇ ਰਹੇ ਕਿ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵੱਲੋਂ ਅਰੰਭ ਕੀਤੇ ਉਕਤ ਪ੍ਰਾਜੈਕਟ ਵਿੱਚ ਸ਼ਾਮਿਲ ਹੋਣ ਵਾਲਾ ਇਟਲੀ, ' ਜੀ 7' ਦੇਸ਼ਾਂ ਵਿੱਚੋਂ ਪਹਿਲਾ ਦੇਸ਼ ਸੀ। ਇਸੇ ਤਰ੍ਹਾਂ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਆਦਿ ਮੁਲਕ ਜੋ ਕਿ ਅਮਰੀਕਾ ਦੇ ਸਾਥੀ ਹੁੰਦਿਆਂ ਹੋਇਆਂ ਵੀ ਕੱਲ੍ਹ ਤੱਕ ਚੀਨ ਨਾਲ ਸਬੰਧ ਗੂੜ੍ਹੇ ਕਰ ਰਹੇ ਸਨ, ਉਹ ਵੀ ਇਸ ਗਲਿਆਰਾ ਪ੍ਰਾਜੈਕਟ ਵਿੱਚ ਸ਼ਾਮਿਲ ਹੋ ਕੇ ਪੂਰਬੀ ਮੁਲਕਾਂ ਨਾਲ ਸਬੰਧ ਪੱਕੇ ਕਰਨ ਦੀ ਦਿਸ਼ਾ ਵੱਲ ਵਧਦੇ ਨਜ਼ਰ ਆਉਂਦੇ ਹਨ ਕਿਉਂਕਿ ਉਨ੍ਹਾ ਨੂੰ ਹੁਣ ਇਧਰ ਦੀਆਂ ਅਰਥ ਵਿਵਸਥਾਂਵਾਂ ਵੱਧ ਤੇਜ਼ੀ ਨਾਲ ਵਧਦੀਆਂ ਤੇ ਵਿਕਸਿਤ ਹੁੰਦੀਆਂ ਨਜ਼ਰ ਆ ਰਹੀਆਂ ਹਨ। ਸਿਆਸੀ ਮਾਹਿਰ ਉਕਤ ਸਮਝੌਤੇ ਨੂੰ ਵਿਸ਼ਵ ਸਿਆਸਤ ਵਿੱਚ ਇੱਕ ਵੱਡੇ ਉਲਟਫੇਰ ਦਾ ਕਾਰਕ ਮੰਨ ਰਹੇ ਹਨ। ਦੱਸ ਦੇਈਏ ਕਿ ਬੀਤੇ ਕੁੱਝ ਵਰ੍ਹਿਆਂ ਤੋਂ ਚੀਨ ਆਪਣੀ ਧੌਂਸ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਇੱਕ ਆਪਣੀ ਹੀ ਤਰ੍ਹਾਂ ਦੀ 'ਵਿਸਤਾਰਵਾਦੀ ਨੀਤੀ ' ਚਲਾ ਰਿਹਾ ਹੈ ਜਿਸਦੇ ਤਹਿਤ ਉਹ ਭਾਰਤ ਸਮੇਤ ਰੂਸ,ਜਾਪਾਨ ਅਤੇ ਹੋਰ ਮੁਲਕਾਂ ਦੇ ਵੱਖ ਵੱਖ ਹਿੱਸਿਆਂ ਨੂੰ ਚੀਨ ਦਾ ਹਿੱਸਾ ਵਿਖਾਉਣ ਅਤੇ ਬਣਾਉਣ ਲਈ ਯਤਨਸ਼ੀਲ ਹੈ। ਉਹ ਆਪਣੇ ਇਰਦ ਗਿਰਦ ਦੇ ਛੋਟੇ ਮੁਲਕਾਂ ਨਾਲ ਝੜਪਾਂ ਲਗਾਤਾਰ ਜਾਰੀ ਰੱਖ ਰਿਹਾ ਹੈ ਤੇ ਡਰਾ ਧਮਕਾ ਕੇ ਦੂਜਿਆ ਦੇ ਇਲਾਕੇ ਹਥਿਆਉਣ ਤੇ ਆਪਣਾ ਵਿਸਤਾਰ ਕਰਨ ਦੀ ਬਦਨੀਤੀ ਅਪਣਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕਿਸੇ ਵੇਲੇ ਪੂਰੇ ਵਿਸ਼ਵ ਦਾ ਧੁਰਾ ਮੰਨੀਆਂ ਜਾਂਦੀਆਂ ਦੋ ਮਹਾਂਸ਼ਕਤੀਆਂ ਅਮਰੀਕਾ ਅਤੇ ਰੂਸ ਸਨ ਪਰ ਵੱਖ ਵੱਖ ਕਾਰਨਾਂ ਕਰਕੇ ਰੂਸ ਕਮਜ਼ੋਰ ਹੁੰਦਾ ਗਿਆ ਤੇ ਮੌਕਾ ਪਾ ਕੇ ਵਿਸ਼ਵ ਪੱਧਰ 'ਤੇ ਚੀਨ ਨੇ ਰੂਸ ਦੀ ਥਾਂ ਲੈ ਲਈ ਤੇ ਏਸ਼ੀਆਈ ਖਿੱਤੇ ਵਿੱਚ ਵੀ ਪਾਕਿਸਤਾਨ ਅਤੇ ਨੇਪਾਲ ਸਣੇ ਹੋਰ ਮੁਲਕਾਂ ਨਾਲ ਚੰਗੇ ਸਬੰਧ ਬਣਾ ਕੇ ਉਸਨੇ ਭਾਰਤ ਦੇ ਗਿਰਦ ਆਪਣਾ ਸ਼ਿਕੰਜਾ ਕੱਸਣਾ ਸ਼ੁਰੂ ਕੀਤਾ ਹੋਇਆ ਸੀ।ਹੁਣ 'ਭਾਰਤ ਮੱਧ ਪੂਰਬ ਯਰੂਪ ਕਾਰੀਡੋਰ'ਨਾਲ ਭਾਰਤ ਨੇ ਚੀਨ ਨੂੰ ਠਿੱਬੀ ਦਿੰਦਿਆਂ ਹੋਇਆਂ ਮੱਧ ਪੂਰਬ ਰਸਤੇ ਯਰੂਪ ਤੱਕ ਆਰਥਿਕ, ਵਪਾਰਕ ਅਤੇ ਵਿਕਾਸਾਤਮਕ ਪਹੁੰਚ ਕਰਨ ਦਾ ਦਾਅ ਬੜੀ ਸੂਝਬੂਝ ਨਾਲ ਖੇਡਿਆ ਹੈ ਜਿਸਦੀ ਕਾਟ ਚੀਨ ਕੋਲ ਨਹੀਂ ਹੈ।ਉਸ ਨਾਲ ਜੁੜੇ 'ਜੀ 20' ਅਤੇ 'ਜੀ 7' ਦੇ ਮੁਲਕਾਂ ਵਿਚਲੇ ਕੁੱਝ ਮਹੱਤਵਪੂਰਨ ਮੁਲਕ ਇੱਕ ਇੱਕ ਕਰਕੇ ਉਸਦਾ ਸਾਥ ਛੱਡ ਰਹੇ ਹਨ ਤੇ ਇਸ ਗਲਿਆਰਾ ਸਮਝੌਤੇ ਵਿੱਚ ਸ਼ਾਮਿਲ ਹੋ ਕੇ ਕੁੱਝ ਮੁਲਕਾਂ ਨੇ ਭਾਰਤ ਅਤੇ ਅਮਰੀਕਾ ਪ੍ਰਤੀ ਆਪਣੀ ਨੇੜਤਾ ਦਾ ਪ੍ਰਗਟਾਵਾ ਕਰ ਦਿੱਤਾ ਹੈ ਜਿਸ ਤੋਂ ਚੀਨ ਪ੍ਰੇਸ਼ਾਨ ਹੋ ਗਿਆ ਹੈ।ਇਸ ਸਿਆਸੀ ਉਠਾ ਪਟਕ ਵਿੱਚ ਇੱਕ ਮਹੱਤਵਪੂਰਨ ਬਦਲਾਅ ਜੋ ਵੇਖਣ ਵਿੱਚ ਆਇਆ ਹੈ,ਉਹ ਇਹ ਹੈ ਕਿ ਇਜ਼ਰਾਈਲ ਦੇ ਖ਼ਿਲਾਫ਼ ਲਗਾਤਾਰ ਸੰਘਰਸ਼ ਕਰ ਰਹੇ ਫ਼ਲਸਤੀਨ ਅਤੇ ਉਸਦੇ ਹਮਾਇਤੀ ਸਾਊਦੀ ਅਰਬ,ਸੰਯੁਕਤ ਅਰਬ ਅਮੀਰਾਤ ਤੇ ਹੋਰ ਮੁਸਲਿਮ ਮੁਲਕਾਂ ਨੇ ਆਪਣੀ ਸੋਚ ਅਤੇ ਨੀਤੀ ਵਿੱਚ ਵੱਡੇ ਪਰਿਵਰਤਨਾਂ ਦਾ ਪ੍ਰਗਟਾਵਾ ਕੀਤਾ ਹੈ 'ਭਾਰਤ ਮੱਧ ਪੂਰਬ ਯਰੂਪ ਗਲਿਆਰਾ' ਪ੍ਰਾਜੈਕਟ ਵਿੱਚ ਇਜ਼ਰਾਈਲ,ਸਾਊਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ ਦਾ ਸਹਿਮਤੀਪੂਰਵਕ ਸ਼ਾਮਿਲ ਹੋਣਾ, ਹੁਣ ਇਜ਼ਰਾਈਲ ਫ਼ਲਸਤੀਨ ਸੰਘਰਸ਼ ਦੀ ਰੂਪਰੇਖਾ ਵਿੱਚ ਤਬਦੀਲੀ ਦਾ ਲਖਾਇਕ ਹੈ ਤੇ ਆਸ ਕੀਤੀ ਜਾ ਸਕਦੀ ਹੈ ਕਿ ਜੇਕਰ ਇਸ ਤਰ੍ਹਾਂ ਦੇ ਆਪਸ ਵਿੱਚ ਲਗਾਤਾਰ ਯੁੱਧ ਦੇ ਹਾਲਾਤ ਵਿੱਚ ਰਹਿਣ ਵਾਲੇ ਦੇਸ਼ ਜੇਕਰ ਮਿਲ ਬੈਠ ਕੇ ਤਬਾਹੀ ਦੀ ਥਾਂ ਤਰੱਕੀ ਦੀ ਇਬਾਰਤ ਲਿਖਣਗੇ ਤਾਂ ਵਿਸ਼ਵ ਸ਼ਾਂਤੀ, ਸੁਰੱਖਿਆ ਅਤੇ ਵਿਕਾਸ ਦਾ ਪਰਚਮ ਹੋਰ ਬੁਲੰਦ ਹੋ ਜਾਏਗਾ ਤੇ ਦੁਨੀਆਂ ਦੀ ਤਕਦੀਰ ਤੇ ਨਕਸ਼ਾ ਦੋਵੇਂ ਹੀ ਬਦਲ ਜਾਣਗੇ।

ਆਰਥਿਕ ਅਤੇ ਸੁਰੱਖਿਆ ਮਾਮਲਿਆਂ ਦੇ ਜਾਣਕਾਰਾਂ ਅਨੁਸਾਰ ਇਸ ਗਲਿਆਰੇ ਦਾ ਮੁੱਖ ਉਦੇਸ਼ ਵੱਖ ਵੱਖ ਦੇਸ਼ਾਂ ਅੰਦਰ ਮੌਜੂਦ ਮਹੱਤਵਪੂਰਨ ਵਪਾਰਕ ਕੇਂਦਰਾਂ ਨੂੰ ਆਪਸ ਵਿੱਚ ਜੋੜ ਕੇ ਵਿਕਾਸ ਵੱਲ ਤੋਰਨਾ, ਊਰਜਾ ਗਰਿੱਡਾਂ ਅਤੇ ਦੂਰਸੰਚਾਰ ਵਿਵਸਥਾ ਦਾ ਵਿਸਥਾਰ ਕਰਨਾ,ਪ੍ਰਦੂਸ਼ਣਰਹਿਤ ਊਰਜਾ ਨਿਰਮਾਣ ਤਕਨਾਲੋਜੀ ਦਾ ਪ੍ਰਸਾਰ ਕਰਨਾ ਅਤੇ ਦੁਨੀਆਂ ਦੇ ਵੱਡੇ ਹਿੱਸੇ ਵਿੱਚ ਸਥਿਰਤਾ ਅਤੇ ਸੁਰੱਖਿਆ ਨੂੰ ਪੁਖ਼ਤਾ ਕਰਨਾ ਹੈ।ਅਮਰੀਕੀ ਰਾਸ਼ਟਰਪਤੀ ਸ੍ਰੀ ਜੋਅ ਬਾਇਡਨ ਤਾਂ ਇਸਨੂੰ ' ਏ ਰਿਅਲ ਬਿਗ ਡੀਲ ' ਭਾਵ ' ਇੱਕ ਵੱਡਾ ਤੇ ਮਹਤਵਪੂਰਨ ਕਦਮ' ਮੰਨ ਚੁੱਕੇ ਹਨ ਤੇ ਉਨ੍ਹਾ ਦੇ ਪ੍ਰਮੁੱਖ ਸਕੱਤਰ ਸ੍ਰੀ ਜਾੱਨ ਫ਼ਾਈਨਰ ਨੇ ਵੀ ਇਸਨੂੰ "ਸਬੰਧਿਤ ਮੁਲਕਾਂ ਦੀ ਖ਼ੁਸ਼ਹਾਲੀ ਦਾ ਵੱਡਾ ਸਾਧਨ" ਐਲਾਨ ਦਿੱਤਾ ਹੈ ਕਿਉਂਕਿ ਇਹ ਗਲਿਆਰਾ ਤਾਂ ਘੱਟ ਜਾਂ ਮੱਧਮ ਆਮਦਨ ਵਰਗ ਵਾਲੇ ਮੁਲਕਾਂ ਅੰਦਰ ਮੂਲਭੂਤ ਢਾਂਚੇ ਦੀ ਕਮੀ ਨੂੰ ਦਰੁੱਸਤ ਕਰੇਗਾ।ਉਨ੍ਹਾ ਦਾ ਤਾਂ ਇਹ ਵੀ ਕਹਿਣਾ ਹੈ ਕਿ ਇਸ ਵੱਡੇ ਕਦਮ ਦੇ ਜ਼ਰੀਏ ਮੱਧ ਪੂਰਬ ਦੇ ਮੁਲਕਾਂ 'ਚ ਪਸਰੀ 'ਅਸ਼ਾਂਤੀ ਅਤੇ ਅਸੁਰੱਖਿਆ' ਨੂੰ ਵੀ ਨੱਥ ਪੈ ਜਾਏਗੀ ਜਿਸ ਨਾਲ ਉੱਥੋਂ ਦੇ ਅਤੇ ਨਾਲ ਲੱਗਦੇ ਮੁਲਕਾਂ ਦੇ ਲੋਕਾਂ ਨੂੰ ਭਾਰੀ ਰਾਹਤ ਮਿਲੇਗੀ ਤੇ ਤਬਾਹੀ ਦੀ ਥਾਂ ਤਰੱਕੀ ਦਾ ਧਾਰਾ ਚੱਲ ਪਏਗੀ।ਵਿਸ਼ਵ ਮਾਮਲਿਆਂ ਦੇ ਮਾਹਿਰ ਤਾਂ ਇਸ ਗਲਿਆਰੇ ਨੂੰ ਵੱਖ ਵੱਖ ਮਹਾਂਦੀਪਾਂ ਅਤੇ ਸੱਭਿਆਤਾਵਾਂ ਦਰਮਿਆਨ ' ਗ੍ਰੀਨ ਅਤੇ ਡਿਜੀਟਲ' ਪੁਲ ਮੰਨ ਰਹੇ ਹਨ ਜੋ ਕਿ ਵਾਤਾਵਰਨ ਦਾ ਪ੍ਰਦੂਸ਼ਣ ਘਟਾਉਣ ਤੇ ਸੂਚਨਾ ਅਤੇ ਤਕਨੀਕ ਦੇ ਪ੍ਰਸਾਰ ਨੂੰ ਹੋਰ ਉਚੇਰੀਆਂ ਬੁਲੰਦੀਆਂ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰੇਗਾ।

**ਪ੍ਰੋ.ਪਰਮਜੀਤ ਸਿੰਘ ਨਿੱਕੇ**
**ਮੋਬਾ:9781646008**

## ਕਨੇਡੀਅਨ ਸੱਥ

# 'ਸਰਫਾ ਕਰਕੇ ਸੁੱਤੀ ਤੇ ਆਟਾ ਖਾ ਗਈ ਕੁੱਤੀ'



ਅਸ਼ੀਸ਼ ਨਰੂਲਾ
1 204 890 5040

ਸਿਆਣਿਆਂ ਕਿਹਾ ਹੈ ਕਿ 'ਕਲਾ ਕਲੰਦਰ ਵੱਸੇ ਘੜਿਉਂ ਪਾਣੀ ਨੱਸੇ' ਭਾਵ ਕਿ ਜਿਸ ਥਾਂਵੇਂ ਕਲੇਸ਼ ਹੋਵੇ ਉਸ ਜਗਾ ਤਰੱਕੀ ਨਹੀਂ ਆ ਸਕਦੀ ਫਿਰ ਭਾਵੇਂ ਉਹ ਤੁਹਾਡਾ ਘਰ ਹੋਵੇ, ਦੁਕਾਨ ਹੋਵੇ,ਕੋਈ ਵੀ ਵਪਾਰ ਹੋਵੇ ਜਾਂ ਫਿਰ ਸੂਬਾ ਸਰਕਾਰ ਦੀ ਫੈਡਰਲ ਸਕਰਾਰ ਨਾਲ ਕੋਈ ਤਕਰਾਰ ਹੋਵੇ। ਸਮੇਂ ਸਮੇਂ ਤੇ ਆਪਾਂ ਸੁਣਦੇ ਹਾਂ ਕਿ ਸਾਡੇ ਅਲਬਰਟਾ ਸੂਬੇ ਦੀ ਸਰਕਾਰ ਦੀ ਸੈਂਟਰ ਸਰਕਾਰ ਨਾਲ ਪਿਛਲੀਆਂ ਵੋਟਾਂ ਤੋਂ ਪਹਿਲਾਂ ਦੀ ਤਕਰਾਰ ਚੱਲ ਰਹੀ ਹੈ,ਸੂਬਾ ਸਰਕਾਰ ਕਿਊਬੈਕ ਸੂਬੇ ਦੀ ਤਰਜ ਤੇ ਜਿਆਦਾ ਅਧਿਕਾਰਾਂ ਦੀ ਮੰਗ ਕਰ ਰਹੀ ਸੀ, ਅਤੇ ਵੋਟਾਂ ਤੋਂ ਪਹਿਲਾਂ ਇਹ ਮੁੱਦਾ ਕਾਫੀ ਗਰਮ ਚੱਲ ਰਿਹਾ ਸੀ। ਹੁਣ ਮੌਜੂਦਾ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਫਿਰ ਇਹ ਮੰਗ ਉੱਠ ਰਹੀ ਹੈ। ਇਸ ਦਾ ਮੁੱਖ ਕਾਰਨ ਦੋ ਦੱਸੀਦੇ ਹਨ ਇੱਕ ਤਾਂ ਸੈਂਟਰ ਸਰਕਾਰ ਦਾ ਫੁਰਮਾਨ ਕਿ 2035 ਤੱਕ ਸਿਫਰ ਨਿਕਾਸੀ ( ਜੀਰੋ ਐਮਿਸ਼ਨ ਭਾਵ ਪ੍ਰਦੂਸ਼ਣ ਰਹਿਤ) ਬਿਜਲੀ ਪੈਦਾ ਕਰੋ ਨਹੀਂ ਤਾਂ ਖਾਮਿਆਜਾ ਭੁਗਤੋ,ਅਤੇ ਸੂਬਾ ਸਰਕਾਰ ਮੰਗ ਕਰ ਰਹੀ ਹੈ ਕਿ ਅਸੀਂ ਵੀ ਇਸ ਮਾਮਲੇ ਵਿੱਚ ਸੁਹਿਰਦ ਹਾਂ ਪਰ ਸਾਨੂੰ ਹੋਰ ਸਮਾਂ ਦਿੱਤਾ ਜਾਵੇ , ਤਾਂ ਹੀ ਅਸੀਂ ਹਰ ਸੰਭਵ ਕੋਸ਼ਿਸ਼ ਕਰ ਸਕਦੇ ਹਾਂ। ਇਸ ਦੇ ਨਾਲ ਲੱਗਦੇ ਹੀ ਸੂਬਾ ਸਰਕਾਰ ਨੇ ਫਿਰ ਤੋਂ ਉਹੀ ਵਿਸ਼ੇਸ਼ ਅਧਿਕਾਰ ਵਾਲਾ ਰਾਗ ਅਲਾਪ ਦਿੱਤਾ ਹੈ ਕਿ ਅਸੀਂ ਵਿਧਾਨ ਸਭਾ ਵਿੱਚ ਮੋਸ਼ਨ ਲਿਆ ਰਹੇ ਹਾਂ ਅਤੇ ਜੇਕਰ ਸਾਨੂੰ ਇਸ ਮੁੱਦੇ ਤੇ ਮੁਸ਼ਕਿਲ ਆਈ ਤਾਂ ਅਸੀਂ ਆਪਣੇ ਵਿਸ਼ੇਸ਼ ਅਧਿਕਾਰ ਵਰਤ ਕੇ ਆਪਣੇ ਆਪ ਨੂੰ ਸੈਂਟਰ ਸਰਕਾਰ ਤੋਂ ਵੱਖ ਕਰ ਲਵਾਂਗੇ,ਹੁਣ ਸਾਡੇ ਲੀਡਰ ਸੱਚਮੁੱਚ ਹੀ ਇਸ ਮਾਮਲੇ ਵਿੱਚ ਸੁਹਿਰਦ ਹਨ ਜਾਂ ਫਿਰ ਸਿਰਫ ਧਮਕੀਆਂ ਹੀ ਹਨ ਇਹ ਗੱਲ ਅਜੇ ਸਹਾਮਣੇ ਆਉਣੀ ਬਾਕੀ ਹੈ, ਕੀ ਇਹ ਆਮ ਲੋਕਾਂ ਦੇ ਹਿੱਤ ਵਿੱਚ ਹੈ ? ਇਸ ਤਰ੍ਹਾਂ ਕਰਨ ਨਾਲ ਆਮ ਲੁਕਾਈ ਨੂੰ ਕੀ ਫਾਇਦਾ ਹੋਵੇਗਾ ? ਕਿਸੇ ਲੀਡਰ ਨੇ ਸਾਹਮਣੇ ਆਕੇ ਵਿਸਥਾਰ ਵਿੱਚ ਲੋਕਾਈ ਨੂੰ ਇਹ ਗੱਲ ਸਮਝਾਉਣ ਦਾ ਯਤਨ ਕੀਤਾ ਹੈ ਜਾਂ ਨਹੀਂ। ਇਸ ਦੇ ਨਾਲ ਹੀ ਅਲਬਰਟਾ ਪੈਨਸ਼ਨ ਦੀ ਵੀ ਗੱਲ ਉਪਰ ਵੀ ਕਾਫੀ ਬਹਿਸ ਹੋ ਰਹੀ ਹੈ, ਕੰਮੀ ਲੋਕਾਂ ਦੇ ਮਨਾਂ ਵਿੱਚ ਵੀ ਕਾਫੀ ਸਵਾਲ ਹਨ ਕਿ ਜੇਕਰ ਰਿਟਾਇਰਮੈਂਟ ਤੋਂ ਬਾਅਦ ਅਸੀਂ ਸੂਬਾ ਛੱਡਿਆ ਤਾਂ ਸਾਡੀ ਪੈਨਸ਼ਨ ਦਾ ਜੁੰਮੇਵਾਰ ਕੌਣ ਹੋਵੇਗਾ ? ਮਾਤੜ ਤਮਾਤੜ ਤਾਂ ਸਾਰੀ ਉਮਰ ਇਹੀ ਸੋਚਕੇ ਕੱਢ ਦਿੰਦਾ ਹੈ ਕਿ ਚਲੋ ਬੁਢਾਪਾ ਸੇਫ ਹੈ ਪੈਨਸ਼ਨ ਵਾਲੀ ਨੌਕਰੀ ਹੈ ਸੌਖੇ ਰਹਾਂਗੇ ਭਾਵੇਂ ਮੌਜੂਦਾ ਸਮੇਂ ਵਿੱਚ ਟੈਕਸ ਨਾਲ ਕਚੂੰਬਰ ਨਿਕਲਿਆ ਰਹੇ। ਉਜੋਕੇ ਸਮੇਂ ਵਿੱਚ ਸਰਫਾ ਕਰਕੇ ਕੰਮ ਚਲਾ ਰਿਹਾ ਹੋਵੇ ਅਤੇ ਸੋਚੇ ਕਿ ਆਖਰੀ ਵੇਲਾ ਸੌਖਾ ਹੋਵੇ, ਕਿਤੇ ਇਹ ਕਹਾਵਤ ਸੱਚ ਨਾ ਹੋ ਜਾਵੇ ' ਸਰਫਾ ਕਰਕੇ ਸੁੱਤੀ ਤੇ ਆਟਾ ਖਾ ਗਈ ਕੁੱਤੀ' ਕੀ ਸਰਕਾਰਾਂ ਸੱਚਮੁੱਚ ਟੈਕਸ ਪੇਅਰ ਨੂੰ ਸੰਭਾਵਤ ਮੁਸ਼ਕਿਲਾਂ ਤੋਂ ਜਾਣੂ ਕਰਵਾ ਕੇ ਇਹ ਫੈਸਲਾ ਲਵੇਗੀ ? ਜਾਂ ਫਿਰ ਆਪਣੀ ਮਨ ਮਰਜੀ ਨਾਲ ਫੈਸਲਾ ਲਵੇਗੀ। ਤੁਸੀਂ ਸਭਨਾ ਨੇ ਸੁਣਿਆ ਪੜ੍ਹਿਆ ਹੋਵੇਗਾ ਕਿ ਸਕੂਲਾਂ ਵਿੱਚ ਵਿੱਚ ਵੀ ਨਵੇਂ ਸਲੇਬਸ ਦਾ ਫੁਰਮਾਨ ਆਇਆ ਹੈ ,ਅਤੇ ਇਸ ਦਾ ਨੈਸ਼ਨਲ ਤੌਰ ਤੇ ਵੀ ਕਾਫੀ ਵਿਰੋਧ ਦੇਖਣ ਨੂੰ ਮਿਲਿਆ ਹੈ । ਕੀ ਨਿੱਕੇ ਬਾਲਾਂ ਨੂੰ ਇਸ ਅਸ਼ਲੀਲਤਾ ਬਾਰੇ ਦੱਸਣਾ ਕਿਨਾ ਕੁ ਜ਼ਾਇਜ਼ ਹੈ? ਕੀ ਇਸ ਤਰ੍ਹਾਂ ਦੀਆ ਕਿਤਾਬਾ ਰੱਖਣ ਪੜਨ ਨਾਲ ਬੱਚਿਆ ਵਿੱਚ ਉਤਸੁਕਤਾ ਵਧੇਗੀ ਕਿ ਘਟੇਗੀ? ਜੇਕਰ ਗੱਲ ਕਰੀਏ ਪੁਰਾਣੇ ਸਮੇਂ ਦੀ ਜਾਂ ਫਿਰ ਸਾਰੀ ਕਾਇਨਾਤ ਦੀ ,ਪਸ਼ੂਆ ,ਪੰਛੀਆ ਨੂੰ ਗ੍ਰਸਿਤ ਜੀਵਨ ਬਾਰੇ ਕੌਣ ਦੱਸਦਾ ਹੈ? ਅਸੀਂ ਤਾਂ ਫਿਰ ਇਨਸਾਨ ਹਾਂ, ਜਾਂ ਪੁਰਾਣੇ ਸਮੇਂ ਵਿੱਚ ਡਾਕਟਰ ਇੰਜੀਨੀਅਰ ,ਵਿਗਿਆਨੀ ,ਅਧਿਆਪਕ ਜਾਂ ਹੋਰ ਵਿਦਵਾਨ ਨਹੀਂ ਹੁੰਦੇ ਸਨ? ਕੀ ਉਹਨਾਂ ਨੂੰ ਇਸ ਤਰ੍ਹਾਂ ਦੀ ਅਸ਼ਲੀਲਤਾ ਸਕੂਲਾਂ , ਕਾਲਜਾਂ ਵਿੱਚ ਪਰੋਸੀ ਜਾਂਦੀ ਸੀ । ਅਸੀ ਕਿਸੇ ਵੀ ਤਰਾਂ ਦੀ ਕਮਿਊਨਟੀ ਦੇ ਉਲਟ ਗੱਲ ਨਹੀਂ ਕਰ ਰਹੇ, ਕੀ ਸਕੂਲਾਂ ਕਾਲਜਾਂ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਤੁਸੀਂ ਆਪਣੀ ਹੱਕ ਹਲਾਲ ਦੀ ਕਮਾਈ ਨੂੰ ਜੀਵਨ ਵਿੱਚ ਵਰਤ ਕੇ ਦਸਵੰਦ ਕਿਵੇਂ ਕੱਢਣਾ ਹੈ ਅਤੇ ਪੈਸਾ ਬਚਾਉਣਾ ਕਿਵੇਂ ਹੈ ? ਤਾਂ ਕਿ ਤੁਹਾਡੇ ਔਖੇ ਸਮੇਂ ਵਿੱਚ ਕੰਮ ਆ ਸਕੇ। ਸੇਫ ਇਨਵੈਸਟਮੈਂਟ ਕਿਸ ਨੂੰ ਕਹਿੰਦੇ ਹਨ ? ਮੇਰੀ ਜਾਚੇ ਨਹੀਂ ਹਾਂ ਜੇਕਰ ਕਿਸੇ ਨੇ ਸਬੰਧਤ ਵਿਸ਼ੇ ਦੀ ਚੋਣ ਕੀਤੀ ਹੋਵੇ ਤਾਂ ਵੱਖਰੀ ਗੱਲ ਹੋ ਸਕਦੀ ਹੈ ਪਰ ਉਹਨਾਂ ਵਿਦਿਆਰਥੀਆ ਦੀ ਤਾਦਾਦ ਜਿਆਦਾ ਨਹੀਂ ਹੋਵਗੀ।



# ਸਿੰਘ ਸਭਾ ਲਹਿਰ
# 150 ਸਾਲਾ ਸਥਾਪਨਾ ਦਿਹਾੜੇ ਦਾ ਮਹੱਤਵ

ਵਿਰਾਸਤ
ਕੁਲਵੰਤ ਕੌਰ (ਡਾ)
98156-20515



ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਪਿੱਛੋਂ, ਜਿਹੜੀ ਬੇਹੱਦ ਮਹੱਤਵਪੂਰਨ ਸ਼ਤਾਬਦੀ ਸਾਡੀਆਂ ਬਰੂਹਾਂ ਤੋਂ ਇਸ ਵੇਲੇ ਗੁਜ਼ਰ ਰਹੀ ਹੈ ਅਤੇ ਜਿਸ ਦਾ ਸਿੱਖ ਇਤਿਹਾਸ, ਧਰਮ ਤੇ ਸਭਿਆਚਾਰ ਵਿਚ ਬਹੁਤ ਗੌਰਵਮਈ ਅਤੇ ਸ਼ਾਨਦਾਰ ਸਥਾਨ ਹੈ, ਉਹ ਹੈ ਸਿੰਘ ਸਭਾ ਲਹਿਰ-ਸਿੱਖਾਂ ਦੀ ਪੁਨਰ ਜਾਗਰਤੀ ਲਹਿਰ ਜਿਸ ਦੇ ਅਣਥੱਕ ਜਤਨਾਂ ਕਰਕੇ ਢਹਿੰਦੀਆਂ ਕਲਾਂ ਵਿਚ ਜਾ ਰਹੀ ਸਿੱਖੀ, ਮੁੜ ਸੰਭਲ ਸਕੀ ਅਰਥਾਤ ਆਪਣੀਆਂ ਲੀਹਾਂ 'ਤੇ ਆ ਸਕੀ। ਜ਼ਿਕਰਯੋਗ ਹੈ ਕਿ ਲਹਿਰਾਂ ਸਮੂਹਿਕ ਹੁੰਦੀਆਂ ਹਨ, ਇਕੱਲੀਆਂ ਕਾਰੀਆ ਨਹੀਂ, ਇਸੇ ਕਰਕੇ ਇਨ੍ਹਾਂ ਦਾ ਪ੍ਰਭਾਵ ਵੀ ਬੱਝਵਾਂ, ਟਿਕਾਊ ਤੇ ਸਦੀਵੀ ਹੁੰਦੈ-ਸਿੰਘ ਸਭਾ ਲਹਿਰ ਵੀ ਅਜਿਹੀ ਹੀ ਵੱਕਾਰੀ ਅਤੇ ਪ੍ਰੇਰਨਾਮਈ ਲਹਿਰ ਬਣ ਕੇ ਪੂਰੇ ਧਰਾਤਲ 'ਤੇ ਫੈਲ ਗਈ ਸੀ।

ਅੱਜ ਅਸੀਂ, ਹਰ ਨਗਰ, ਕਸਬੇ, ਮਹਾਂਨਗਰਾਂ ਤੇ ਪ੍ਰਦੇਸਾਂ ਵਿਚ ਵੀ ਸਿੰਘ ਸਭਾ ਗੁਰਦਵਾਰਿਆਂ ਦੇ ਦੀਦਾਰੇ ਕਰਦੇ ਹਾਂ, ਇਕ ਇਕ ਸ਼ਹਿਰ ਵਿਚ ਹੀ ਕਈ-ਕਈ ਸਿੰਘ ਸਭਾ ਗੁਰਧਾਮ ਹਨ। ਇਸ ਨਾਂ ਦੇ ਗੁਰਦਵਾਰਿਆਂ ਦੀ ਚਾਰ ਚੁਫ਼ੇਰੇ ਭਰਮਾਰ ਹੈ ਪਰ ਨਵੀਂ ਪੀੜ੍ਹੀ ਭਾਵ ਅਜੋਕੇ ਨੌਜਵਾਨਾਂ ਨੇ ਕੀ ਕਦੇ ਸੋਚਿਆ ਹੋਵੇਗਾ ਕਿ ਇਨ੍ਹਾਂ ਦੇ ਨਾਂ ਕਿਸੇ ਵੀ ਗੁਰੂ ਸਾਹਿਬ ਦੇ ਨਾਂ 'ਤੇ ਨਾ ਹੋ ਕੇ, ਸਿੰਘ ਸਭਾ ਦੇ ਨਾਂ 'ਤੇ ਕਿਉਂ ਹੈ? ਕਿਉਂਕਿ ਇਹ ਉਨ੍ਹਾਂ ਮਹਾਂਪੁਰਖਾਂ, ਵਡੇਰਿਆਂ ਅਤੇ ਸੁਪਨਸਾਜ਼ਾਂ ਦੀ ਵਿਸ਼ਾਲ ਸੋਚ ਵਿਚੋਂ ਨਿਕਲੇ ਹਨ ਜਿਹੜੇ ਗੁਰੂ ਸਾਹਿਬਾਨ ਦੀ ਢਾਈ ਸੌ ਸਾਲ ਦੀ ਨਿਰੰਤਰ ਘਾਲਣਾ, ਮੁਸ਼ੱਕਤ ਅਤੇ ਦੇਣ ਦੇ ਕਦਰਦਾਨ ਸਨ। ਜਿਹੋ ਜਿਹੇ ਨਾਸ਼ਕਰੇ, ਅਕ੍ਰਿਤਘਣ ਅਤੇ ਬੇਰੁਖ਼ੇ ਬਣ ਕੇ ਅਸੀਂ, ਅੱਜ ਸਿੱਖੀ ਨੂੰ ਢਾਅ ਲਾਈ ਜਾ ਰਹੇ ਹਾਂ, ਸਾਡੇ ਦੂਰਅੰਦੇਸ਼ ਅਤੇ ਸੰਵੇਦਨਸ਼ੀਲ ਪੁਰਖੇ ਅਜਿਹੇ ਨਹੀਂ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਉਪਰੰਤ, ਸਿੱਖੀ ਦੀ ਦੁਰਦਸ਼ਾ ਹੋਣ ਲੱਗ ਪਈ ਸੀ ਜਿਸ ਕਰਕੇ ਡੋਗਰਿਆਂ ਤੇ ਹੋਰ ਨਾਸ਼ੁਕਰਿਆਂ ਦੀ ਬੇਈਮਾਨੀ, ਲਾਲਚ, ਤਮਾ ਅਤੇ ਗੱਦਾਰੀ ਕਰਕੇ ਸਿੱਖ ਰਾਜ ਦੇ ਅੱਧੀ ਸਦੀ ਦੇ ਬੇਹਿਸਾਬ ਜਤਨਾਂ, ਮਿਹਨਤ, ਬਹਾਦਰੀ ਅਤੇ ਜਾਂਬਾਜ਼ੀ 'ਤੇ ਵਿਰਾਮ ਲੱਗ ਗਿਆ ਸੀ। ਅੱਜ ਦੇ ਪੂਰੇ ਸੰਸਾਰ ਦੇ ਬਹਾਦਰ ਯੋਧੇ ਸ੍ਰ. ਹਰੀ ਸਿੰਘ ਨਲੂਆ ਤੇ ਅਕਾਲੀ ਫੂਲਾ ਸਿੰਘ ਜੀ ਇਸੇ ਸਮੇਂ ਦੇ ਮਹਾਨ ਗੁਰਸਿੱਖ ਅਤੇ ਮਰਜੀਵੜੇ ਸਨ। ਇਨ੍ਹਾਂ ਦੀ ਬਹਾਦਰੀ ਨਿਰਸੰਦੇਹ ਸੱਚੇ ਪਾਤਿਸ਼ਾਹਾਂ ਦੇ ਮਹਾਨ ਫਲਸਫ਼ੇ, ਬੇਮਿਸਾਲ ਚਰਿੱਤਰ ਅਤੇ ਕਰੜੀ ਕਮਾਈ ਵਿੱਚੋਂ ਨਿਕਲੀ ਸੀ ਪਰੰਤੂ ਦੇਖਦਿਆਂ ਹੀ ਦੇਖਦਿਆਂ, ਸਭ ਕੁਝ ਲੁੱਟਿਆ ਗਿਆ। ਭਰੋਸਾ ਤਾਰ ਤਾਰ ਕਰਦਿਆਂ ਗੱਦਾਰਾਂ ਨੇ 1849 ਵਿਚ, ਪੰਜਾਬ ਦੇਸ਼ ਦੀ ਮਹਾਨ ਸਲਤਨਤ, ਥਾਲੀ ਵਿਚ ਪਰੋਸ ਕੇ ਸ਼ਾਤਰ ਅੰਗਰੇਜ਼ਾਂ ਨੂੰ ਚੜ੍ਹਾ ਦਿੱਤੀ ਜਿਨ੍ਹਾਂ ਨੇ ਸਾਨੂੰ ਈਸਾਈਅਤ ਵਿਚ ਰੰਗਣ ਨਹੀਂ, ਡੋਬ ਦੇਣ ਦੀ ਕੋਈ ਕਸਰ ਨਾ ਛੱਡੀ - ਸਿੰਘ ਸਭਾ ਲਹਿਰ ਦਾ ਦੁੱਖਦਾਈ ਪਿਛੋਕੜ ਇਹੋ ਕਿਹਾ ਜਾ ਸਕਦਾ ਹੈ ਕਿਉਂਕਿ ਸਿੱਖਾਂ ਹੀ ਨਹੀਂ, ਹਿੰਦੂਆਂ ਤੇ ਮੁਸਲਮਾਨਾਂ ਦੇ ਧਰਮ, ਕਰਮ ਤੇ ਰੀਤੀ ਰਿਵਾਇਤਾਂ ਨੂੰ ਬੋਦੀਆਂ, ਨਾਕਸ ਅਤੇ ਵੇਲਾ ਵਿਹਾ ਚੁੱਕੀਆਂ ਸਮਝ ਕੇ, ਅੰਗਰੇਜ਼ਾਂ ਨੇ ਇਸ ਸਮੇਂ ਆਪਣੇ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦੇ ਝੰਡੇ ਚੁੱਕ ਲਏ। ਇੱਥੋਂ ਤੱਕ ਕਿ ਮਹਾਰਾਜਾ ਦਲੀਪ ਸਿੰਘ ਨੂੰ ਵੀ ਈਸਾਈ ਬਣਾ ਦਿੱਤਾ ਗਿਆ। ਹੁਣ ਸਾਰਾ ਹੀ ਮੈਦਾਨ ਗੋਰਿਆਂ ਦੇ ਹੱਥ ਸੀ ਜਿਸ ਦੀ ਗਵਾਹੀ ਸਾਡੇ ਬੜੇ ਮਕਬੂਲ ਸ਼ਾਇਰ ਸ਼ਾਹ ਮੁਹੰਮਦ ਨੇ ਇਨ੍ਹਾਂ ਚਿਰੰਜੀਵੀ ਸ਼ਬਦਾਂ ਰਾਹੀਂ ਦਿੱਤੀ ਹੈ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ
ਦੋਵੇਂ ਪਾਤਿਸ਼ਾਹੀ ਫ਼ੌਜਾਂ ਭਾਰੀਆਂ ਨੇ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
ਜਿਹੜੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੇ।



ਉਨੀਵੀਂ ਸਦੀ ਦੇ ਮਗਰਲੇ ਦਹਾਕਿਆਂ ਵਿਚ ਭਾਵੇਂ ਹਾਲਾਤ ਬਦ ਤੋਂ ਬਦਤਰ ਹੋ ਗਏ ਸਨ ਪਰੰਤੂ ਜਦੋਂ ਚਾਰ ਸਿੱਖ ਵਿਦਿਆਰਥੀਆਂ ਵਲੋਂ ਈਸਾਈ ਬਣ ਜਾਣ ਦੀ ਖ਼ਾਹਿਸ਼ ਚੌਗਿਰਦੇ ਵਿਚ ਫੈਲੀ ਤਾਂ ਮਾਨੋਂ ਪੰਜਾਬ ਵਿਚ ਭੁਚਾਲ ਆ ਗਿਆ। ਸੋਝੀਵਾਨ ਗੁਰਸਿੱਖਾਂ, ਨੇ ਗੁਰਦਵਾਰਿਆਂ ਦੇ ਮਹੰਤਾਂ (ਅੰਗਰੇਜ਼ਾਂ ਦੇ ਵਰੋਸਾਏ ਮਹੰਤਾਂ ਦਾ ਕਬਜ਼ਾ ਸੀ ਹੁਣ ਮਹਾਨ ਗੁਰੂ ਘਰਾਂ 'ਤੇ ਵੀ ਜਿਸ ਵਿਚ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਤਰਨ ਤਾਰਨ ਦੇ ਗੁਰਦਵਾਰੇ ਵੀ ਸ਼ਾਮਲ ਸਨ) ਪੁਜਾਰੀਆਂ, ਗਿਆਨੀਆਂ, ਗ੍ਰੰਥੀਆਂ, ਨਿਰਮਲਿਆਂ ਤੇ ਉਦਾਸੀਆਂ ਆਦਿ ਸਭ ਨੂੰ ਮੰਜੀ ਸਾਹਿਬ ਬੁਲਾ ਕੇ ਵਿਚਾਰਾਂ ਕੀਤੀਆਂ। ਇਸ ਇਤਿਹਾਸਕ ਇਕੱਠ ਵਿਚ ਸ੍ਰ. ਠਾਕਰ ਸਿੰਘ ਸੰਧਾਵਾਲੀਆ ਨੂੰ ਪ੍ਰਧਾਨ ਤੇ ਗਿਆਨੀ ਗਿਆਨ ਸਿੰਘ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਪੂਰੀ ਈਮਾਨਦਾਰੀ ਅਤੇ ਉਤਸ਼ਾਹ ਨਾਲ ਸਿੱਖੀ ਦੀ ਚੜ੍ਹਦੀ ਕਲਾ ਲਈ ਜਤਨ ਆਰੰਭੇ ਗਏ ਪਰੰਤੂ ਛੇ ਕੁ ਸਾਲਾਂ ਦੇ ਅੰਤਰਾਲ ਪਿੱਛੋਂ ਹੀ ਜਿਉਂ ਹੀ ਜੋਸ਼ ਕੁਝ ਮਾਂਦ ਪੈਂਦਾ ਦਿਸਿਆ ਤਾਂ ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਹੁਰਾਂ ਨੇ 2 ਨਵੰਬਰ 1879 ਨੂੰ ਸਿੰਘ ਸਭਾ ਲਾਹੌਰ ਸਥਾਪਿਤ ਕਰ ਦਿੱਤੀ। 1883 ਵਿਚ ਖ਼ਾਲਸਾ ਦੀਵਾਨ ਅੰਮ੍ਰਿਤਸਰ (ਅਜੋਕਾ ਚੀਫ਼ ਖ਼ਾਲਸਾ ਦੀਵਾਨ) ਪਿੱਛੋਂ 1886 ਵਿਚ ਖ਼ਾਲਸਾ ਦੀਵਾਨ ਲਾਹੌਰ ਵੀ ਹੋਂਦ ਵਿਚ ਆਇਆ। ਬੇਸ਼ੱਕ, ਦੋਵੇਂ ਸਿੰਘ ਸਭਾਵਾਂ ਵਿਚ ਧੜੇਬੰਦੀ ਸੀ ਪਰ ਕੌਮੀ ਉਦੇਸ਼ ਸਾਂਝੇ ਸਨ, ਮਨੋਰਥ ਇਕੋ ਸੀ ਭਾਵ ਸਿੱਖ ਧਰਮ ਦੀ ਵਿਲੱਖਣਤਾ ਦੀ ਕਾਇਮੀ, ਗੁਰਮਤਿ ਦਾ ਪ੍ਰਚਾਰ, ਗੁਰਮੁਖੀ ਦਾ ਪ੍ਰਸਾਰ, ਅਖਬਾਰਾਂ ਤੇ ਰਸਾਲਿਆਂ ਦੀ ਸ਼ੁਰੂਆਤ (ਭਾਈ ਵੀਰ ਸਿੰਘ ਅਤੇ ਗਿਆਨੀ ਦਿੱਤ ਸਿੰਘ ਵਲੋਂ ਵੀ ਆਰੰਭੇ ਗਏ ਸਨ), ਨਵੇਂ ਸਿੰਘ ਸਭਾਈ ਸਕੂਲ, ਹਸਪਤਾਲ ਤੇ ਕਾਲਜ (ਖ਼ਾਲਸਾ ਕਾਲਜ ਅੰਮ੍ਰਿਤਸਰ) ਖੋਲ੍ਹ ਕੇ ਈਸਾਈਅਤ ਦਾ ਡੱਟ ਕੇ ਮੁਕਾਬਲਾ ਕਰਨਾ। ਇਸ ਦੇ ਦੂਰ ਰਸੀ ਪ੍ਰਭਾਵਾਂ ਦੇ ਨਾਲ-ਨਾਲ ਗੁਰਬਾਣੀ ਦੀ ਟੀਕਾਕਰੀ, ਨਵੀਂ ਵਿਆਖਿਆ, ਇਤਿਹਾਸਕਾਰੀ, ਨਵੀਆਂ ਪੁਸਤਕਾਂ ਦੀ ਛਪਾਈ ਤੇ ਅਖਬਾਰੀ ਪ੍ਰਚਾਰ ਦੀਆਂ ਪਿਰਤਾਂ ਪਈਆਂ। ਗੁਰਦਵਾਰਿਆਂ ਦੇ ਪ੍ਰਬੰਧ ਤੇ ਮਰਯਾਦਾ ਵਿਚ ਸੁਧਾਰ ਆਇਆ। ਜ਼ਿਕਰਯੋਗ ਹੈ ਕਿ 'ਖ਼ਾਲਸਾ ਅਖ਼ਬਾਰ' ਲਾਹੌਰ ਦੇ ਸੰਪਾਦਕੀਆਂ ਨੇ ਬਹੁਤ ਜਾਗਰੂਕਤਾ ਲਿਆਂਦੀ। ਨਿਸਚੇ ਹੀ ਸ੍ਰ. ਠਾਕੁਰ ਸਿੰਘ ਸੰਧਾਵਾਲੀਆ, ਗਿਆਨੀ ਗਿਆਨ ਸਿੰਘ, ਪ੍ਰੋ. ਗੁਰਮੁਖ ਸਿੰਘ, ਗਿਆਨ ਦਿੱਤ ਸਿੰਘ, ਬਾਬਾ ਖੇਮ ਸਿੰਘ ਬੇਦੀ, ਭਾਈ ਜਵਾਹਰ ਸਿੰਘ, ਕੰਵਰ ਬਿਕਰਮ ਸਿੰਘ ਤੇ ਭਾਈ ਮਈਆ ਸਿੰਘ ਜਿਹੇ ਸ਼ੁੱਭ ਭਾਵੀ, ਸੰਜੀਦਾ ਸੋਚ ਵਾਲੇ ਅਤੇ ਸਿੱਖੀ ਵਿਚ ਪੋਟਾ ਪੋਟਾ ਲਬਰੇਜ਼ ਗੁਰਸਿੱਖ ਅੱਜ ਨਦਾਰਦ ਹਨ ਕਿਉਂਕਿ ਸਿੱਖੀ ਅੱਜ ਧਰਮ ਦਾ ਨਾਂ ਨਾ ਹੋ ਕੇ ਧੜਿਆਂ ਦਾ ਨਾਂ ਬਣਾ ਦਿੱਤੀ ਗਈ ਹੈ। ਕਿੱਥੇ ਤਾਂ ਹਰ ਹਿੰਦੂ ਪਰਿਵਾਰ ਵੀ ਪਹਿਲੇ ਪੁੱਤਰ ਨੂੰ ਸਿੱਖ ਸਾਜ ਕੇ ਗੁਰੂ ਸਾਹਿਬਾਨ ਪ੍ਰਤਿ ਆਪਣੀ ਅਕੀਦਤ, ਵਿਸ਼ਵਾਸ ਤੇ ਸ਼ਰਧਾ ਦਾ ਪ੍ਰਗਟਾਵਾ ਕਰਦਾ ਸੀ ਤੇ ਕਿੱਥੇ ਅੱਜ ਕੱਟੜ ਗੁਰਸਿੱਖਾਂ ਦੀ ਆਲ ਔਲਾਦ, ਗੋਰਿਆਂ ਦੀ ਨਕਲ ਕਰਕੇ, ਖ਼ੁਦ ਸਾਹਿਬ ਬਣੀ ਫਿਰਦੀ ਹੈ। ਬਾਹਰਲੇ ਪ੍ਰਭਾਵ, ਵਿਸ਼ਵੀਕਰਨ, ਨਿਜੀਕਰਨ, ਭਗਵਾਦ ਅਤੇ ਵਪਾਰੀਕਰਨ ਨੇ ਸਾਡੇ ਧਰਮ ਅਤੇ ਮਰਯਾਦਾ ਨੂੰ ਵੀ ਨੁੱਕਰੇ ਲਾ ਦਿੱਤਾ ਹੈ। ਇਸ ਲਈ, ਜਾਂ ਤਾਂ ਸ੍ਰ. ਅਜੇਪਾਲ ਸਿੰਘ ਬੰਗਾ ਵਾਂਗ ਸੁਦ੍ਰਿੜ ਰਹਿ ਕੇ ਆਦਰਸ਼ ਸਿਰਜੇ ਜਾ ਸਕਦੇ ਹਨ ਜਾਂ ਫਿਰ ਸ੍ਰ. ਦਰਸ਼ਨ ਸਿੰਘ ਧਾਲੀਵਾਲ ਤੇ ਸ੍ਰ. ਤਨਮਨਜੀਤ ਸਿੰਘ ਢੇਸੀ ਵਾਂਗ ਆਪਣੀਆਂ ਨਿਜੀ ਉਦਾਹਰਨਾਂ ਵਿਅਕਤੀਗਤ ਪ੍ਰਾਪਤੀਆਂ ਤੇ ਸਮਾਜਿਕ ਭਲਾਈ ਦੀਆਂ ਸਰਗਰਮੀਆਂ ਰਾਹੀਂ ਦੂਜਿਆਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ।



ਅੱਜ, ਇਸ ਸ਼ਤਾਬਦੀ ਨੂੰ ਮਹਿਜ ਭੋਗਾਂ ਤੇ ਲੰਗਰਾਂ ਤੱਕ ਸੀਮਤ ਨਾ ਰਖ ਕੇ ਨੌਜਵਾਨੀ ਨੂੰ ਪਤਿਤਤਾ ਤੋਂ ਵਰਜਣ ਦੀ ਲੋੜ ਹੈ। ਵੱਡੇ ਪੈਮਾਨੇ 'ਤੇ ਜੀਵਨ ਵਾਲੇ ਗੁਰਸਿੱਖ ਵੀਰਾਂ ਤੇ ਭੈਣਾਂ ਨੂੰ ਮੈਦਾਨ ਵਿਚ ਆ ਕੇ ਮਿਸਾਲ ਬਣਨ ਦੀ ਜ਼ਰੂਰਤ ਹੈ। ਇਕ ਦੂਜੇ ਨੂੰ ਨੀਵਾਂ ਦਿਖਾ ਕੇ, ਸੋਸ਼ਲ ਮੀਡੀਏ 'ਤੇ ਝੂਠੀਆਂ ਪਹਿਚਾਣਾਂ ਬਣਾ ਕੇ ਸਿੱਖੀ ਨੂੰ ਨੀਵਾਂ ਦਰਸਾ ਕੇ, ਮਹਾਨ ਪੁਰਖਿਆਂ ਦੀ ਮਿੱਟੀ ਰੋਲ ਕੇ ਕੁਝ ਨਹੀਂ ਸੰਵਰਨ ਵਾਲਾ। ਆਓ ! ਦੂਰ ਅੰਦੇਸ਼ੀ ਵਾਲੇ ਗੁਰਸਿੱਖ, ਵਿਦਵਾਨ, ਵਿਚਾਰਵਾਨ, ਧਾਰਮਿਕ ਕਮੇਟੀਆਂ ਤੇ ਹੋਰ ਸੰਵੇਦਨਸ਼ੀਲ ਲੋਕ ਆ ਚੁੱਕੇ ਨਿਘਾਰ ਨੂੰ ਠੱਲ੍ਹ ਪਾ ਕੇ, ਲੋੜੀਂਦੇ ਸੁਧਾਰਾਂ ਲਈ ਜਤਨਸ਼ੀਲ ਹੋਈਏ। ਉਦੋਂ ਮੁੱਖ ਮਸਲਾ ਮਰਯਾਦਾ ਸਥਾਪਤੀ ਦਾ ਸੀ ਜਦੋਂ ਕਿ ਹੁਣ ਉਸਾਰੂ ਪ੍ਰਬੰਧਨ ਦਾ ਹੈ। ਸਿੱਖਾਂ ਵਿਰੁੱਧ ਬੜੇ ਸੰਗਠਿਤ ਤੂਫ਼ਾਨ ਉੱਠ ਰਹੇ ਹਨ। ਕਾਲੀਆਂ ਭੇਡਾਂ ਨਾ ਬਣਦਿਆਂ ਆਓ। ਗੁਰੂ ਸਾਹਿਬਾਨ ਨੂੰ ਜਵਾਬਦੇਹ ਬਣੀਏ। ਸਿੰਘ ਸਭਾ ਦੀਆਂ ਸ਼ਤਾਬਦੀਆਂ ਮਨਾਉਣ ਦਾ ਅਰਥ ਤਾਂ ਹੀ ਪੁਸ਼ਟ ਹੋ ਸਕੇਗਾ।

ਖੇਤਾਂ ਦੇ ਕੰਮ ਲਈ
ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc.
Advisors and their corporations conduct insurance business through Sun Life Financial Distributors (Canada) Inc.
Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

ARROW
DRYWALL INC.
The Name You Can Trust
Products of Services:
• Insulation
• Drywall
• Taping
• Texturing
• Blow Insulation
ਇੰਸੂਲੇਸ਼ਨ•
ਡਰਾਈਵਾਲ•
ਟੇਪਿੰਗ•
ਬਲੋ ਇੰਸੂਲੇਸ਼ਨ•
ਟੈਕਸਚਰਿੰਗ•
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਕੈਲਗਰੀ ਵਾਸੀ ਜ਼ੀਰੇ ਆਲੇ ਕਵੀਸ਼ਰ ਬਚਿੱਤਰ ਗਿੱਲ ਦਾ ਮਾਣ ਸਨਮਾਨ ਹੋਇਆ
























ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਕੈਲਗਰੀ ਵੱਲੋਂ ਆਪਣੀ ਹੀ ਸੰਸਥਾ ਦੇ ਮੈਂਬਰ 80 ਸਾਲਾ ਉਮਰ ਦੇ ਕਵੀਸ਼ਰ ਮਾਸਟਰ ਬਚਿੱਤਰ ਸਿੰਘ ਗਿੱਲ ਦੇ ਮਾਣ ਸਨਮਾਨ ਲਈ ਬੀਤੇ ਦਿਨੀ ਇੱਕ ਪ੍ਰੋਗਰਾਮ ਦਾ ਆਯੋਜਿਨ ਕੀਤਾ ਗਿਆ ਪਰ ਸਨਮਾਨਿਤ ਹੋਣ ਵਾਲੇ ਮੈਂਬਰ ਬਾਰੇ ਸੰਸਥਾ ਦੇ ਕੁੱਝ ਕੁ ਮੈਂਬਰਾਂ ਤੋਂ ਬਿਨਾ ਕਿਸੇ ਨੂੰ ਵੀ ਨਾਂ ਬਾਰੇ ਪਤਾ ਨਹੀਂ ਸੀ। ਪ੍ਰੋਗਰਾਮ ਦੇ ਸੁਰੂਆਤੀ ਦੌਰ ਵਿੱਚ ਸੰਸਥਾ ਦੇ ਇਸ ਮਹੀਨੇ ਜਨਮੇ ਮੈਂਬਰਾਂ ਦਾ ਕੇਕ ਕੱਟਕੇ ਜਨਮ ਦਿਨ ਮਨਾਇਆ ਗਿਆ। ਬਿੱਕਰ ਸਿੰਘ ਸੰਧੂ ਨੇ ਸਟੇਜ ਸੰਭਾਲਦਿਆਂ ਰੇਡੀਓ ਹੋਸਟ ਰਿਸ਼ੀ ਨਾਗਰ ਨੂੰ ਮੰਚ ਉੱਪਰ ਸੱਦਾ ਦਿੱਤਾ ਕਿ ਉਹ ਅੱਜ ਦੇ ਸਨਮਾਨੇ ਜਾਣ ਵਾਲੇ ਸੰਸਥਾ ਦੇ ਮੈਂਬਰ ਦਾ ਨਾਂ ਹਾਜਰੀਨ ਨਾਲ ਸਾਂਝਾ ਕਰਨ । ਰਿਸ਼ੀ ਨਾਗਰ ਨੇ ਮੰਚ ਉੱਪਰੋਂ ਮਾਸਟਰ ਬਚਿੱਤਰ ਸਿੰਘ ਗਿੱਲ ਦੇ ਨਾਂ ਦਾ ਜਿਉਂ ਹੀ ਜ਼ਿਕਰ ਕੀਤਾ ਤਾਂ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਮਾਸਟਰ ਬਚਿੱਤਰ ਸਿੰਘ ਅਕਸਰ ਹੀ ਕੈਲਗਰੀ ਦੇ ਸਮਾਗਮਾਂ ਵਿੱਚ ਕਰਨੈਲ ਪਾਰਸ ਰਾਮੂੰਵਾਲੀਆ ਅਤੇ ਬਾਬੂ ਰਜਬ ਅਲੀ ਦੀ ਕਵੀਸ਼ਰੀ ਅਕਸਰ ਹੀ ਸੁਣਾਉਂਦੇ ਰਹਿੰਦੇ ਹਨ।ਇਸ ਲਈ ਉਹਨਾਂ ਦੀ ਲੋਕ ਪ੍ਰਸਿੱਧੀ ਪਹਿਲਾਂ ਹੀ ਜਿਆਦਾ ਹੋਣ ਕਾਰਣ ਉਹਨਾਂ ਦੇ ਨਾਂ ਉੱਪਰ ਤਾੜੀਆਂ ਵੱਜਣਾ ਸੁਭਾਵਿਕ ਹੀ ਸੀ। ਡਾਕਟਰ ਹਰਭਜਨ ਸਿੰਘ ਢਿੱਲੋਂ ਨੇ ਮਾਸਟਰ ਬਚਿੱਤਰ ਗਿੱਲ ਦੇ ਸੰਘਰਸ਼ ਮਈ ਜੀਵਨ ਬਾਰੇ ਖੁੱਲਕੇ ਆਪਣੇ ਵਿਚਾਰ ਪ੍ਰਗਟ ਕੀਤੇ। ਅੱਜ ਦੇ ਇਸ ਸਨਮਾਨ ਸਮਾਰੋਹ ਨੂੰ ਸਪਾਂਸਰ ਕਰਨ ਵਾਲੇ ਗੁਰੂ ਨਾਨਕ ਪੀਸ ਫਾਊਂਡੇਸ਼ਨ ਦੇ ਸੰਚਾਲਕ ਡਾਕਟਰ ਬੱਲ ਨੇ ਵੀ ਮੰਚ ਉੱਪਰੋਂ ਅੰਤਰਰਾਸਟਰੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਪ੍ਰਗਟ ਕੀਤੇ । ਇੰਕਾ ਮੈਂਬਰਾਂ ਦੀ ਹਾਜਿਰੀ ਵਿੱਚ ਡਾਕਟਰ ਬੱਲ ਵੱਲੋਂ ਯਾਦਗਾਰੀ ਪਲੈਕ ਅਤੇ ਇੰਕਾ ਸੁਸਾਇਟੀ ਵੱਲੋਂ ਲੋਈ ਅਤੇ ਤੋਹਫੇ ਨਾਲ ਬਚਿੱਤਰ ਸਿੰਘ ਗਿੱਲ ਦਾ ਮੰਚ ਉੱਪਰ ਸਨਮਾਨ ਕੀਤਾ ਗਿਆ। ਸਨਮਾਨ ਉਪਰੰਤ ਮੰਚ ਉਪਰੋਂ ਬੋਲਦਿਆਂ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਭਾਵੁਕਤਾ ਭਰੇ ਅੰਦਾਜ਼ ਵਿੱਚ ਹਾਜਰੀਨ ਨਾਲ ਆਪਣੇ ਕਵੀਸ਼ਰੀ ਦੇ ਬੋਲਾਂ ਅਤੇ ਗੱਲਾਂਬਾਤਾਂ ਦੀ ਸਾਂਝ ਪਾਈ। ਅੱਜ ਦੇ ਸਮਾਗਮ ਲਈ ਚਾਹ ਪਾਣੀ ਅਤੇ ਖ਼ਾਣ ਪੀਣ ਦਾ ਪਰਬੰਧ ਵੀ ਡਾਕਟਰ ਬੱਲ ਹੋਰਾਂ ਵੱਲੋਂ ਹੀ ਕੀਤਾ ਗਿਆ ਸੀ। ਸਮਾਪਤੀ ਉਪਰੰਤ ਸੰਸਤਾਂ ਦੇ ਮੈਂਬਰਾਂ ਨੇ ਨਿੱਜੀ ਤੌਰ ਤੇ ਵੀ ਮਾਸਟਰ ਬਚਿੱਤਰ ਸਿੰਘ ਗਿੱਲ ਨੂੰ ਵਧਾਈਆਂ ਦਿੱਤੀਆਂ।





# ਭਾਰਤ ਸਰਕਾਰ ਹਰਦੀਪ ਸਿੰਘ ਨਿੱਜਰ ਹੱਤਿਆ ਮਾਮਲੇ 'ਚ ਪੂਰੀ ਪਾਰਦਰਸ਼ਤਾ ਵਰਤੇ - ਜਸਰਾਜ ਹੱਲਣ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਠਾਰਾਂ ਸਤੰਬਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਲਈ ਭਾਰਤ ਦੇ ਏਜੰਟਾਂ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਇਹ ਮਾਮਲਾ ਲਗਾਤਾਰ ਭਖਿਆ ਹੋਇਆ ਹੈ। ਇੱਕ ਪਾਸੇ ਜਿੱਥੇ ਭਾਰਤ ਅਤੇ ਕੈਨੇਡਾ ਵਿੱਚ ਤਣਾਅ ਕਾਫੀ ਵੱਧ ਚੁੱਕਾ ਹੈ ਤਾਂ ਦੂਜੇ ਪਾਸੇ ਕੈਨੇਡਾ ਦੇ ਹਾਊਸ ਆਫ ਕਾਮਨਜ਼ ਦੇ ਚੱਲ ਰਹੇ ਸੈਸ਼ਨ ਵਿੱਚ ਵੀ ਇਸ ਮੁੱਦੇ ਉੱਪਰ ਲਗਾਤਾਰ ਚਰਚਾ ਹੋ ਰਹੀ ਹੈ। ਕੈਲਗਰੀ ਦੇ ਫਾਰੈਸਟ ਲਾਅਨ ਤੋਂ ਕੰਜ਼ਰਵਟਿਵ ਪਾਰਟੀ ਦੇ ਐਮਪੀ ਜਸਰਾਜ ਹੱਲਣ ਨੇ ਜਿੱਥੇ ਹਰਦੀਪ ਸਿੰਘ ਨਿੱਜਰ ਦੇ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ ?ਥੇ ਨਾਲ ਹੀ ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਮਾਮਲੇ ਵਿੱਚ ਪੂਰੀ ਪਾਰਦਰਸ਼ਤਾ ਵਰਤਣੀ ਚਾਹੀਦੀ ਹੈ ਤਾਂ ਕਿ ਪੂਰੀ ਸੱਚਾਈ ਸਾਹਮਣੇ ਆ ਸਕੇ। ਕੈਨੇਡੀਅਨ ਸਿੱਖ ਭਾਈਚਾਰੇ ਨਾਲ ਸਬੰਧਤ ਦੋ ਗਰੁੱਪਾਂ ਵੱਲੋਂ ਕੈਨੇਡਾ ਦੀਆਂ ਸਿਆਸੀ ਪਾਰਟੀਆਂ ਨੂੰ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਮਾਮਲੇ ਵਿੱਚ ਇੱਕਜੁੱਟ ਹੋ ਕੇ ਭਾਰਤ ਖਿਲਾਫ ਖੜ੍ਹਨ ਦੀ ਮੰਗ ਕੀਤੀ ਗਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਹ ਦਾਅਵਾ ਕੀਤੇ ਜਾਣ ਤੋਂ ਬਾਅਦ ਹੀ ਇਹ ਮੰਗ ਕੀਤੀ ਜਾ ਰਹੀ ਹੈ ਕਿ ਨਿੱਜਰ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਸੀ।

# ਡਾਲਰਾਂ ਦੇ ਸੁਪਨੇ ਲਈ ਹਰਿਆਣਾ ਦੇ ਨੌਜਵਾਨਾਂ ਨੇ ਛੱਡੀ ਜ਼ਮੀਨ, ਡੌਂਕੀ ਲਗਾ ਕੇ ਪਹੁੰਚੇ ਅਮਰੀਕਾ



ਕਰਨਾਲ (ਪੰਜਾਬੀ ਅਖਬਾਰ ਬਿਊਰੋ) ਰੋੜ ਭਾਈਚਾਰੇ ਦੇ ਪ੍ਰਭਾਵ ਵਾਲੇ ਸ਼ਾਮਗੜ੍ਹ (ਕਰਨਾਲ) ਅਤੇ ਅਭਿਮਨਿਊਪੁਰ (ਕੁਰੂਕਸ਼ੇਤਰ) ਪਿੰਡਾਂ 'ਚ ਲਗਭਗ ਹਰ ਤੀਜੀ ਰਾਤ ਨੂੰ ਦੀਵਾਲੀ ਵਰਗਾ ਜਸ਼ਨ ਮਨਾਇਆ ਜਾਂਦਾ ਹੈ, ਪਟਾਕੇ ਚਲਾਏ ਜਾਂਦੇ ਹਨ ਅਤੇ ਮਠਿਆਈਆਂ ਵੰਡੀਆਂ ਜਾਂਦੀਆਂ ਹਨ। ਇੱਥੋਂ ਦੇ ਨੌਜਵਾਨ ਵਿਦੇਸ਼ 'ਚ ਕੂਚ ਕਰ ਗਏ ਹਨ। ਸ਼ਾਮਗੜ੍ਹ 'ਚ ਸਾਗਰ ਚੌਧਰੀ ਦੇ ਪਰਿਵਾਰ ਨੇ ਅਮਰੀਕਾ ਪੁੱਜਣ ਮਗਰੋਂ 75 ਹਜ਼ਾਰ ਰੁਪਏ ਦੇ ਪਟਾਕੇ ਚਲਾਏ। ਪਰਿਵਾਰ ਨੇ ਡੌਂਕੀ ਦੇ ਰਸਤਿਓਂ ਉਸ ਦੀ ਯਾਤਰਾ 'ਤੇ 55 ਲੱਖ ਰੁਪਏ ਖ਼ਰਚ ਕੀਤੇ। ਦਰਅਸਲ ਡੌਂਕੀ ਸ਼ਬਦ ਤਸਕਰਾਂ ਵਲੋਂ ਕਈ ਦੇਸ਼ਾਂ 'ਚ ਕਈ ਪੜਾਵਾਂ ਜ਼ਰੀਏ ਗ਼ੈਰ-ਕਾਨੂੰਨੀ ਰੂਪ ਨਾਲ ਕਿਸੇ ਵਿਦਸ਼ੀ ਦੇਸ਼ 'ਚ ਐਂਟਰੀ ਕਰਨ ਲਈ ਵਰਤਿਆ ਜਾਂਦਾ ਹੈ।

ਸਾਹਿਲ ਦਾ ਕਹਿਣਾ ਹੈ ਕਿ ਮੇਰਾ ਛੋਟਾ ਭਰਾ ਸਾਗਰ (20) 17 ਅਗਸਤ ਨੂੰ ਰਵਾਨਾ ਹੋਇਆ ਅਤੇ 24 ਸਤੰਬਰ ਨੂੰ ਇਥੋਪੀਆ, ਦੱਖਣੀ ਕੋਰੀਆ, ਜਾਪਾਨ, ਮੈਕਸੀਕੋ ਅਤੇ ਐਲ-ਸਲਵਾਡੋਰ ਰਾਹੀਂ ਅਮਰੀਕਾ ਪਹੁੰਚਿਆ। ਉਸ ਦੇ ਦੋ ਚਾਚਿਆਂ ਅਤੇ ਕਈ ਚਚੇਰੇ ਭਰਾਵਾਂ ਨੇ ਵੀ ਇਹੀ ਰਸਤਾ ਅਪਨਾਇਆ। ਮੈਂ ਵੀ ਕਿਸੇ ਦਿਨ ਪਿੰਡ ਛੱਡ ਦਿਆਂਗਾ। 12ਵੀਂ ਜਮਾਤ ਤਕ ਪੜ੍ਹਨ ਤੋਂ ਬਾਅਦ ਸਾਗਰ ਆਪਣੇ ਪਿੰਡ ਦੇ ਹਰ ਦੂਜੇ ਨੌਜਵਾਨਾਂ ਵਾਂਗ ਵਿਦੇਸ਼ ਜਾਣ ਦੇ ਸੁਪਨੇ ਵੇਖਦਾ ਸੀ। ਸਾਡੇ ਪਰਿਵਾਰ ਕੋਲ ਸਿਰਫ਼ ਦੋ ਏਕੜ ਜ਼ਮੀਨ ਹੈ। ਇੱਥੇ ਕੋਈ ਨੌਕਰੀ ਨਹੀਂ। ਸਾਹਿਲ ਮੁਤਾਬਿਕ ਇੱਕ ਪ੍ਰਾਈਵੇਟ ਨੌਕਰੀ ਤੁਹਾਨੂੰ ਵੱਧ ਤੋਂ ਵੱਧ 12-15 ਹਜ਼ਾਰ ਰੁਪਏ ਦੇ ਸਕਦੀ ਹੈ।

ਹਾਲ ਹੀ ਦੇ ਸਾਲਾਂ 'ਚ ਸ਼ਾਮਗੜ੍ਹ ਦੇ ਤਕਰੀਬਨ 400-450 ਨੌਜਵਾਨ ਵਿਦੇਸ਼ ਗਏ ਹਨ। ਸਾਰੇ ਭਾਈਚਾਰਿਆਂ ਦੇ ਨੌਜਵਾਨ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ, ਪਰ ਇਹ ਰੁਝਾਨ ਰੋੜ ਭਾਈਚਾਰੇ 'ਚ ਵਧੇਰੇ ਪ੍ਰਚਲਿਤ ਹੈ। ਸ਼ਾਮਗੜ੍ਹ ਦੇ ਸਾਬਕਾ ਸਰਪੰਚ ਬਾਲਕ੍ਰਿਸ਼ਨ ਦਾ ਕਹਿਣਾ ਹੈ ਕਿ ਜ਼ਿਆਦਾਤਰ ਨੌਜਵਾਨ 45-50 ਲੱਖ ਰੁਪਏ ਖ਼ਰਚ ਕਰ ਕੇ ਡੌਂਕੀ ਦਾ ਰਸਤਾ ਚੁਣਦੇ ਹਨ। ਉਨ੍ਹਾਂ ਖ਼ੁਲਾਸਾ ਕੀਤਾ ਕਿ ਛੋਟੇ ਕਿਸਾਨ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਆਪਣੀ ਉਪਜਾਊ ਜ਼ਮੀਨ ਵੇਚ ਰਹੇ ਹਨ। ਬਾਲਕ੍ਰਿਸ਼ਨ ਨੇ ਅੱਗੇ ਕਿਹਾ ਕਿ ਇੱਥੋਂ ਤਕ ਕਿ ਏਜੰਟ ਵੀ ਜ਼ਮੀਨ ਖ਼ਰੀਦ ਰਹੇ ਹਨ। ਸ਼ਾਮਗੜ੍ਹ ਤੋਂ ਲਗਭਗ 20 ਕਿਲੋਮੀਟਰ ਦੀ ਦੂਰੀ 'ਤੇ ਅਭਿਮਨਿਊਪੁਰ (ਅਮੀਨ) ਪਿੰਡ ਦੀ ਵੀ ਅਜਿਹੀ ਹੀ ਕਹਾਣੀ ਹੈ। ਝੋਨੇ ਦੇ ਖੇਤਾਂ ਨਾਲ ਘਿਰੇ ਇਸ ਨੇ ਸਾਲਾਂ ਦੌਰਾਨ ਵਾਲੀਬਾਲ ਦੇ ਕਈ ਖਿਡਾਰੀ ਪੈਦਾ ਕੀਤੇ ਹਨ ਪਰ ਨੌਜਵਾਨ ਹੁਣ ਡਾਲਰਾਂ ਦੇ ਸੁਪਨੇ ਦੇਖ ਰਹੇ ਹਨ। ਲਗਭਗ ਹਰ ਘਰ 'ਚ ਕੋਈ ਨਾ ਕੋਈ ਰਿਸ਼ਤੇਦਾਰ ਵਿਦੇਸ਼ 'ਚ ਕੰਮ ਕਰਦਾ ਹੈ। ਇੱਕ ਵਾਲੀਬਾਲ ਅਕੈਡਮੀ ਚਲਾਉਣ ਵਾਲੇ ਯਸ਼ਪਾਲ ਆਰੀਆ ਕਹਿੰਦੇ ਹਨ ਕਿ ਮੇਰੀ ਖੇਡ ਅਕੈਡਮੀ 'ਚ 100 ਨੌਜਵਾਨ ਹੁੰਦੇ ਸਨ। ਫ਼ਿਰ ਕੋਵਿਡ ਲੌਕਡਾਊਨ ਆਇਆ। ਉਸ ਤੋਂ ਬਾਅਦ ਮੈਨੂੰ ਇਸ ਨੂੰ ਬੰਦ ਕਰਨਾ ਪਿਆ ਕਿਉਂਕਿ ਜ਼ਿਆਦਾਤਰ ਸਿੱਖਿਆਰਥੀ ਵਿਦੇਸ਼ ਚਲੇ ਗਏ ਸਨ। 32 ਏਕੜ ਜ਼ਮੀਨ ਵਾਲੇ ਕਿਸਾਨ ਦੇਸ਼ਰਾਜ (75) ਦੇ ਛੇ ਪੋਤੇ ਹਨ। ਉਨ੍ਹਾਂ 'ਚੋਂ 5 ਹੁਣ ਵਿਦੇਸ਼ 'ਚ ਹਨ ਜਿਨ੍ਹਾਂ 'ਚੋਂ ਤਿੰਨ ਡੌਂਕੀ ਲਾ ਕੇ ਰਾਹੀਂ ਅਮਰੀਕਾ ਜਾ ਰਹੇ ਹਨ। ਛੇਵਾਂ 12 ਸਾਲ ਦਾ ਹੈ, ਅਤੇ ਉਹ ਵੀ ਅਮਰੀਕਾ 'ਚ ਸੈਟਲ ਹੋਣ ਦੀ ਇੱਛਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਸਾਡਾ ਮੁੱਖ ਆਧਾਰ ਹੁੰਦਾ ਸੀ ਪਰ ਕਈ ਪੀੜ੍ਹੀਆਂ 'ਚ ਜ਼ਮੀਨ ਦੀ ਵੰਡ ਨੇ ਸਾਡੇ ਕੋਲ ਖੇਤੀ ਕਰਨ ਲਈ ਬਹੁਤ ਘੱਟ ਬਚਿਆ ਹੈ। ਬੇਰੋਜ਼ਗਾਰੀ ਦੀ ਭਰਮਾਰ ਹੈ। ਵਿਦੇਸ਼ਾਂ 'ਚ ਸਾਡੇ ਬੱਚੇ ਪੰਪਾਂ ਜਾਂ ਸਟੋਰਾਂ 'ਚ ਮਜ਼ਦੂਰੀ ਕਰਦੇ ਹਨ। ਪਹਿਲਾਂ ਉਹ ਪੈਸੇ ਭੇਜਦੇ ਸਨ ਪਰ ਹੁਣ ਉਹ ਉੱਥੇ ਸੈਟਲ ਹੋਣ ਲਈ ਬੱਚਤ ਕਰ ਰਹੇ ਹਨ।

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਨਹੀਂ ਮਿਲੀ ਰਾਹਤ - 14 ਦਿਨ ਲਈ ਨਿਆਂਇਕ ਹਿਰਾਸਤ ਵਧੀਆ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੀ ਇੱਕ ਸਪੈਸ਼ਲ ਅਦਾਲਤ ਨੇ ਸਾਈਫਰ ਕੇਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਨਿਆਂਇਕ ਹਿਰਾਸਤ 14 ਦਿਨ ਹੋਰ ਵਧਾ ਦਿੱਤੀ ਹੈ ਜਿਸ ਨਾਲ ਉਨ੍ਹਾਂ ਦੀ ਛੇਤੀ ਰਿਹਾਈ ਦੀ ਸੰਭਾਵਨਾ ਘਟ ਗਈ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਮੁਖੀ ਇਮਰਾਨ ਖ਼ਾਨ ਨੂੰ ਪਿਛਲੇ ਸਾਲ ਮਾਰਚ ਮਹੀਨੇ ਸਰਕਾਰੀ ਖੁਫ਼ੀਆ ਕਾਨੂੰਨ (?ਸੀਏ) ਦੀ ਉਲੰਘਣਾ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ 'ਤੇ ਅਮਰੀਕਾ ਸਥਿੱਤ ਪਾਕਿਸਤਾਨੀ ਸਫ਼ਾਰਤਖ਼ਾਨੇ ਵੱਲੋਂ ਭੇਜੇ ਗਏ ਅਧਿਕਾਰਤ ਦਸਤਵੇਜ਼ (ਸਾਈਫਰ) ਦਾ ਭੇਤ ਜਾਹਿਰ ਕਰਨ ਦਾ ਦੋਸ਼ ਹੈ। ਵਰਨਣਯੋਗ ਹੈ ਕਿ ਬੀਤੇ ਦਿਨ ਇਸਲਾਮਾਬਾਦ ਹਾਈ ਕੋਰਟ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਪੰਜਾਬ ਸੂਬੇ ਦੀ ਅਟਕ ਜੇਲ੍ਹ ਤੋਂ ਰਾਵਲਪਿੰਡੀ ਸ਼ਹਿਰ ਵਿੱਚ ਸਥਿਤ ਉੱਚ ਸੁਰੱਖਿਆ ਵਾਲੀ ਅਡਿਆਲਾ ਜੇਲ੍ਹ ਵਿੱਚ ਤਬਦੀਲ ਕਰਨ ਦਾ ਆਦੇਸ਼ ਦਿੱਤਾ ਸੀ ਜਿਸ ਉਪਰੰਤ ਇਮਰਾਨ ਖਾਨ ਦੇ ਵਕੀਲ ਨੇ ਦਾਅਵਾ ਕੀਤਾ ਸੀ ਕਿ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨੂੰ ਅਟਕ ਜੇਲ੍ਹ ਤੋਂ ਉੱਚ ਸੁਰੱਖਿਆ ਵਾਲੀ ਅਡਿਆਲਾ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਹਾਲਾਂਕਿ, ਅਡਿਆਲਾ ਜੇਲ੍ਹ ਦੇ ਅਧਿਕਾਰੀਆਂ ਨੇ ਇਨ੍ਹਾਂ ਦਾਅਵਿਆ ਨੂੰ ਰੱਦ ਕਰ ਦਿੱਤਾ ਹੈ।

# ਨਾਜ਼ੀ ਫੌਜਾਂ ਦੇ ਸਾਬਕਾ ਫ਼ੌਜੀ ਦੇ ਸਨਮਾਨ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਟਰੂਡੋ ਨੇ ਮੰਗੀ ਮਾਫ਼ੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਹਫ਼ਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮਿਰ ਜੈਲੇਂਸਕੀ ਦੇ ਸਨਮਾਨ ਵਿੱਚ ਇੱਕ ਸੰਸਦੀ ਸਮਾਗਮ ਵਿੱਚ ਐਡੋਲਫ ਹਿਟਲਰ ਦੀਆਂ ਨਾਜ਼ੀ ਫੌਜਾਂ ਦੇ ਇੱਕ ਸਾਬਕਾ ਫ਼ੌਜੀ ਦੇ ਸ਼ਾਮਲ ਹੋਣ ਤੋਂ ਬਾਅਦ ਕੈਨੇਡਾ ਦੀ ਤਰਫੋਂ ਮੁਆਫੀ ਮੰਗੀ ਹੈ। ਟਰੂਡੋ ਨੇ ਪੱਤਰਕਾਰਾਂ ਨੂੰ ਦਿੱਤੇ ਇੱਕ ਸੰਖੇਪ ਬਿਆਨ ਵਿੱਚ ਕਿਹਾ, "ਅਸੀਂ ਸਾਰੇ ਜੋ ਬੀਤੇ ਸ਼ੁੱਕਰਵਾਰ ਨੂੰ ਇਸ ਸਦਨ ਵਿੱਚ ਮੌਜੂਦ ਸੀ , ਉਨ੍ਹਾਂ ਨੂੰ ਖੜ੍ਹੇ ਹੋਣ ਅਤੇ ਤਾੜੀਆਂ ਵਜਾਉਣ ਲਈ ਬਹੁਤ ਅਫ਼ਸੋਸ ਹੈ, ਭਾਵੇਂ ਕਿ ਅਸੀਂ ਸੰਦਰਭ ਤੋਂ ਅਣਜਾਣ ਸੀ । ਟਰੂਡੋ ਨੇ ਮੰਨਿਆ ਕਿ ਇਸ ਘਟਨਾ ਨਾਲ ਕਤਲੇਆਮ ਵਿੱਚ ਮਾਰੇ ਗਏ ਲੱਖਾਂ ਲੋਕਾਂ ਦੀ ਆਤਮਾ ਨੂੰ ਡੂੰਘੀ ਠੇਸ ਪਹੁੰਚੀ ਹੋਵੇਗੀ।

# ਟੋਰਾਂਟੋ 'ਚ ਦੋ ਧੜਿਆਂ ਵਿਚਾਲੇ ਹੋਈ ਗੋਲੀਬਾਰੀ 'ਚ 2 ਜਣਿਆਂ ਦੀ ਮੌਤ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੇ ਰੈਕਸਡੇਲ ਵਿੱਚ ਚੱਲੀ ਗੋਲੀ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖ਼ਮੀ ਹੋਏ ਹਨ । ਇਹ ਜਾਣਕਾਰੀ ਦਿੰਦਿਆਂ ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਵਿਅਕਤੀ ਦੇ ਗੋਲੀ ਲੱਗਣ ਦੀ ਖਬਰ ਦੇ ਮਿਲੀ ਸੀ। ਗੋਲੀਬਾਰੀ ਦੀ ਇਹ ਵਾਰਦਾਤ ਕਿਪਲਿੰਗ ਐਵਨਿਊ ਤੇ ਫਿੰਚ ਐਵਨਿਊ ਵੈਸਟ ਇਲਾਕੇ ਵਿੱਚ ਮਾਊਂਟ ਓਲਿਵ ਡਰਾਈਵ ਵਿੱਚ ਸਥਿਤ ਰਿਹਾਇਸ਼ੀ ਕੰਪਲੈਕਸ ਵਿੱਚ ਵਾਪਰੀ ਸੀ । ਜਾਂਚਕਾਰਾਂ ਨੇ ਦੱਸਿਆ ਕਿ ਇੱਕ ਗਰੁੱਪ ਗੱਡੀ ਵਿੱਚ ਸਵਾਰ ਹੋ ਕੇ ਇਸ ਇਲਾਕੇ ਵਿੱਚ ਆਇਆ ਤੇ ਦੂਜੇ ਗਰੁੱਪ ਉੱਤੇ ਉਨ੍ਹਾਂ ਵੱਲੋਂ ਗੋਲੀਆਂ ਚਲਾਈਆਂ ਗਈਆ ਤੇ ਦੂਜੇ ਗਰੁੱਪ ਵੱਲੋਂ ਵੀ ਜਵਾਬ ਵਿੱਚ ਗੋਲੀਆਂ ਚਲਾਈਆਂ ਗਈਆਂ। ਇੱਕ 20 ਸਾਲਾ ਵਿਅਕਤੀ, ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਅੱਧੀ ਰਾਤ ਤੋਂ ਪਹਿਲਾਂ ਇਸ ਸ਼ੂਟਿੰਗ ਵਿਚ ਸ਼ਾਮਲ ਗੱਡੀ ਮਾਰਟਿਨ ਗਰੂਵ ਰੋਡ ਤੇ ਫਿੰਚ ਐਵਨਿਊ ਇਲਾਕੇ ਵਿੱਚ ਕਮਿਊਨਿਟੀ ਸੈਂਟਰ ਦੇ ਪਿੱਛੇ ਖੜ੍ਹੀ ਮਿਲੀ। ਜਿਸ ਵਿਚ ਸਵਾਰ ਇਸ ਗਰੁੱਪ ਨਾਲ ਸਬੰਧਤ ਵਿਅਕਤੀ ਨੂੰ ਗੰਭੀਰ ਜ਼ਖਮੀਂ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਘੱਟੋ ਘੱਟ ਦੋ ਹੋਰ ਵਿਅਕਤੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਇੱਕ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।






# ਫੂਡ ਦੀਆਂ ਕੀਮਤਾਂ ਘਟਾਉਣ ਲਈ ਸਾਡੀ ਪਾਰਟੀ ਦੇ ਪ੍ਰਸਤਾਵ ਨੂੰ ਅਪਣਾਇਆ ਜਾਵੇ - ਜਗਮੀਤ ਸਿੰਘ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਦੇਸ਼ ਭਰ ਵਿੱਚ ਫੂਡ ਦੀਆਂ ਕੀਮਤਾਂ ਘਟਾਉਣ ਲਈ ਉਨ੍ਹਾਂ ਦੀ ਪਾਰਟੀ ਦੇ ਪ੍ਰਸਤਾਵ ਨੂੰ ਅਪਣਾਇਆ ਜਾਵੇ। ਜਗਮੀਤ ਸਿੰਘ ਨੇ 18 ਸਤੰਬਰ ਨੂੰ ਹਾਊਸ ਆਫ ਕਾਮਨਜ਼ ਵਿੱਚ ਲੋਅਰਿੰਗ ਪ੍ਰਾਈਸਿਜ਼ ਫੌਰ ਕੈਨੇਡੀਅਨਜ਼ ਐਕਟ ਪੇਸ਼ ਕੀਤਾ ਸੀ। ਇਸ ਵਿੱਚ ਕੁੱਝ ਐਂਟੀ ਕੰਪੀਟੀਟਿਵ ਐਕਟਸ ਵਾਲਿਆਂ ਨੂੰ ਜੁਰਮਾਨੇ ਲਾਉਣ ਲਈ ਕੰਪੀਟੀਸ਼ਨ ਬਿਊਰੋ ਨੂੰ ਵਧੇਰੇ ਸ਼ਕਤੀਆਂ ਦੇਣ ਦੀ ਮੰਗ ਕੀਤੇ ਜਾਣ ਦੇ ਨਾਲ ਨਾਲ ਕੀਮਤਾਂ ਫਿਕਸ ਕਰਨ ਦੀ ਗੱਲ ਵੀ ਆਖੀ ਗਈ ਸੀ। ਜਗਮੀਤ ਸਿੰਘ ਤੇ ਸਕੀਨਾ-ਬਲਕਲੇਅ ਵੈਲੀ ਤੋਂ ਐਮਪੀ ਟੇਲਰ ਬੈਖਰੈਕ ਨੇ ਟੈਰੇਸ, ਬੀਸੀ ਵਿੱਚ ਇਸ ਬਿੱਲ ਬਾਰੇ ਗੱਲਬਾਤ ਕਰਨ ਲਈ ਨਿਊਜ਼ ਕਾਨਫਰੰਸ ਵੀ ਸੱਦੀ। ਉਨ੍ਹਾਂ ਆਖਿਆ ਕਿ ਇਸ ਬਿੱਲ ਦੇ ਲਾਗੂ ਹੋਣ ਉਪਰੰਤ ਆਪਣੀਆਂ ਮਨਮਰਜ਼ੀਆਂ ਕਰਨ ਵਾਲੀਆਂ ਵੱਡੀਆਂ ਗਰੌਸਰੀ ਚੇਨਜ਼ ਦੀਆਂ ਸਾਰੀਆਂ ਚੋਰ ਮਰੀਆਂ ਬੰਦ ਹੋ ਜਾਣਗੀਆਂ। ਜਗਮੀਤ ਸਿੰਘ ਨੇ ਆਖਿਆ ਕਿ ਲੱਗਭਗ ਦੋ ਸਾਲ ਤੱਕ ਲਿਬਰਲ ਸਰਕਾਰ ਤਮਾਸ਼ਬੀਨ ਬਣਕੇ ਚੁੱਪਚਾਪ ਤਮਾਸ਼ਾ ਦੇਖਦੀ ਰਹੀ ਹੈ ਜਦਕਿ ਗਰੌਸਰੀ ਸੀਈ?ਜ਼ ਵੱਲੋਂ ਕੰਮਕਾਜੀ ਪਰਿਵਾਰਾਂ ਦੇ ਸਿਰ ਉੱਤੇ ਰਿਕਾਰਡ ਤੋੜ ਮੁਨਾਫੇ ਕਮਾਏ ਗਏ। ਹਕੀਕਤ ਇਹ ਹੈ ਕਿ ਟਰੂਡੋ ਨੇ ਉਸ ਸਮੇਂ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਜਦੋਂ ਉਨਾਂ ਦਾ ਗ੍ਰਾਫ ਹੇਠਾਂ ਡਿੱਗਣਾ ਸ਼ੁਰੂ ਹੋਇਆ।

# ਪੁਲਿਸ ਕਾਰਵਾਈ ਦੌਰਾਨ ਸੱਤ ਗੈਰਕਾਨੂੰਨੀ ਹਥਿਆਰ ਅਤੇ ਨਸ਼ਾ ਬਰਾਮਦ ਹੋਇਆ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੁਲਿਸ ਦਾ ਕੰਮ ਜੁਰਮ ਨੂੰ ਰੋਕਣ ਅਤੇ ਜੁਰਮ ਕਰਨ ਵਾਲਿਆਂ ਨੂੰ ਫੜਕੇ ਅਦਾਲਤੀ ਕਰਵਾਈ ਰਾਹੀ ਜੇਲ ਦੀਆਂ ਸਲਾਖਾਂ ਪਿੱਛੇ ਡੱਕਣਾ ਹੁੰਦਾ ਹੈ । ਪੁਲਿਸ ਦੀ ਇਸੇ ਕਾਰਵਾਈ ਤਹਿਤ ਬੀਤੇ ਦਿਨ ਪੁਲਿਸ ਨੇ ਕੈਲਗਰੀ ਵਿੱਚੋਂ ਦੋ ਜਣਿਆਂ ਨੂੰ ਗ੍ਰਿਫਿਤਾਰ ਕੀਤਾ ਹੈ ਜਿਹਨਾਂ ਕੋਲੋਂ ਵੱਡੀ ਮਾਤਰਾ ਵਿੱਚ ਹਥਿਆਰ ਅਤੇਨਸ਼ੀਏ ਪਦਾਰਥ ਬਰਾਮਦ ਹੋਏ ਹਨ। ਪੁਲਿਸ ਦੇ ਦੱਸਣ ਅਨਸਾਰ 7 ਗੈਰ ਕਾਨੂੰਨੀ ਹਥਿਆਰ ਅਤੇ ਡੇਢ ਕਿਲੋ ਦੇ ਕਰੀਬ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਹੋਈ ਹੈ । ਫੜੇ ਗਏ ਵਿਅਕਤੀਆਂ ਉੱਪਰ ਕੁੱਲ ਮਿਲਾਕੇ 40 ਦੋਸ਼ ਲਗਾਏ ਗਏ ਹਨ ਜਿਹਨਾਂ ਵਿੱਚ 31 ਦੋਸ਼ ਹਥਿਆਰਾਂ ਨਾਲ ਹੀ ਸਬੰਧਿਤ ਹਨ। ਜ਼ਬਤ ਕੀਤੇ ਗਏ ਸਮਾਨ ਦੀ ਜਾਣਕਾਰੀ ਬਾਰੇ ਜੇਕਰ ਥੋੜੀ ਖੁੱਲਕੇ ਗੱਲ ਕੀਤੀ ਜਾਵੇ ਤਾਂ ਪੰਜ ਹੈਂਡਗਨ, ਇੱਕ ਰਾਈਫਲ, ਇੱਕ ਸ਼ਾਟਗਨ, 664 ਗ੍ਰਾਮ ਫੈਂਟਾਨਿਲ, 928 ਗ੍ਰਾਮ ਮੇਥ, $24,000 ਕਨੇਡੀਅਨ ਡਾਲਰ, ਚਾਰ ਵਾਹਨ, ਸ਼ਾਮਲ ਹਨ। ਕੈਲਗਰੀ ਵਾਸੀ 32 ਸਾਲਾ ਲੈਸਲੀ ਬਾਜੀਦ 'ਤੇ ਕੈਲਗਰੀ ਦੇ ਹੀ ਰਹਿਣ ਵਾਲੇ ਏਬਲ ਡੇਵਿਟ ਟੇਸ਼ੋਮਾ, 32, ਨੂੰ ਹੁਣ ਸੋਮਵਾਰ, 25 ਸਤੰਬਰ, 2023 ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ।

ਇਸ ਤਰ੍ਹਾਂ ਦੇ ਮਾਮਲਿਆਂ ਵਿੱਚ, ਜਿੱਥੇ ਅਪਰਾਧੀਆਂ ਨੂੰ ਚਾਰਜ ਕੀਤੇ ਜਾਣ ਤੋਂ ਤੁਰੰਤ ਬਾਅਦ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਜਾਂਦਾ ਹੈ, ਪੁਲਿਸ ਵਾਲੇ ਕਮਿਊਨਿਟੀ ਨੂੰ ਸੁਰੱਖਿਅਤ ਰੱਖਣ ਲਈ ਦਿਨ ਰਾਤ ਕੰਮ ਕਰਦੇ ਹਨ, ਪਰ ਇਹ ਬਹੁਤ ਹੀ ਚਿੰਤਾਜਨਕ ਹੈ ਜਦੋਂ ਉਹਨਾਂ ਵਿਅਕਤੀਆਂ ਨੂੰ ਰਿਹਾ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਅਦਾਲਤ ਦੁਆਰਾ ਆਦੇਸ਼ ਦਿੱਤੇ ਹਾਲਾਤਾਂ ਦੀ ਪੂਰੀ ਅਣਦੇਖੀ ਅਤੇ ਗੈਰ-ਕਾਨੂੰਨੀ ਢੰਗ ਨਾਲ ਹਥਿਆਰ ਰੱਖਣ ਦੀ ਪ੍ਰਵਿਰਤੀ ਦਾ ਪ੍ਰਦਰਸ਼ਨ ਕੀਤਾ ਹੁੰਦਾ ਹੈ।

# ਕੀ ਹਰਦੀਪ ਸਿੰਘ ਨਿੱਝਰ ਦੀ ਕਾਰ ਹੇਠਾਂ ਕੋਈ ਯੰਤਰ ਲੱਗਿਆ ਹੋਇਆ ਸੀ ?



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੂਨ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਬਾਹਰ ਮਾਰੇ ਗਏ ਹਰਦੀਪ ਸਿੰਘ ਨਿੱਝਰ ਦੇ ਨੇੜਲੇ ਦੋਸਤ ਨੇ ਦੱਸਿਆ ਕਿ ਹੱਤਿਆ ਵਾਲੇ ਦਿਨ ਤੋਂ ਪਹਿਲਾਂ ਹੀ ਨਿੱਝਰ ਨੂੰ ਆਪਣੀ ਕਾਰ ਦੇ ਥੱਲੇ ਟਰੈਕਿੰਗ ਡਿਵਾਈਸ ਮਿਲੀ ਸੀ। ਅਸਲ ਵਿੱਚ ਉਹ ਮਕੈਨਿਕ ਦੀ ਦੁਕਾਨ ਉੱਤੇ ਸਨ ਤੇ ਜਦੋਂ ਮਕੈਨਿਕ ਨੇ ਗੱਡੀ ਉੱਤੇ ਚੁੱਕੀ ਤਾਂ ਉਨ੍ਹਾਂ ਨੂੰ ਉਹ ਡਿਵਾਈਸ ਮਿਲੀ। ਅਜਿਹੀਆਂ ਖ਼ਬਰਾਂ ਵੀ ਨਸ਼ਰ ਹੋ ਰਹੀਆਂ ਹਨ ਕਿ ਜਿਸ ਦਿਨ ਨਿੱਜਰ ਦੀ ਹੱਤਿਆ ਹੋਈ ਤਾਂ ਪੁਲਿਸ ਕੁੱਝ ਦੇਰੀ ਨਾਲ ਪਹੁੰਚੀ ਕਿਉਂਕਿ ਸਰੀ ਪੁਲਿਸ ਅਤੇ ਆਰ ਸੀ ਐਮ ਪੀ ਇਹ ਫੈਸਲਾ ਨਹੀਂ ਕਰ ਪਾ ਰਹੀਆਂ ਸਨ ਕਿ ਜਾਂਚ ਦੀ ਅਗਵਾਈ ਕੌਣ ਕਰੇਗਾ। ਦੂਜੇ ਪਾਸੇ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਤੋਂ ਬਾਅਦ ਸ਼ੁਰੂ ਹੋਏ ਭਾਰਤ-ਕੈਨੇਡਾ ਵਿਵਾਦ 'ਤੇ ਭਾਰਤ ਦੇ ਵਿਦੇਸ਼ ਮੰਤਰੀ ਐੱਸ। ਜੈਸ਼ੰਕਰ ਨੇ ਕਿਹਾ ਕਿ ਕੈਨੇਡਾ ਨੇ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਬਾਰੇ ਜੋ ਦੋਸ਼ ਲਗਾਏ ਹਨ, ਅਜਿਹਾ ਕਰਨਾ ਭਾਰਤ ਸਰਕਾਰ ਦੀ ਨੀਤੀ ਨਹੀਂ ਹੈ, ਊਨਾ ਕਿਹਾ ਕਿ ਜੇਕਰ ਕੈਨੇਡਾ ਕੋਲ ਇਸ ਸਬੰਧੀ ਕੁੱਝ ਖਾਸ ਤੇ ਭਰੋਸੇਯੋਗ ਹੈ ਤਾਂ ਸਾਨੂੰ ਦੱਸੋ। ਅਸੀਂ ਇਸ ਦੀ ਪੜਤਾਲ ਕਰਾਂਗੇ।
















# ਕੈਲਗਰੀ ਵਿਖੇ ਰੇਡੀਓ ਸਬਰੰਗ ਵਾਲੇ ਰਾਜੇਸ ਅੰਗਰਾਲ ਵੱਲੋਂ ਹਰ ਸਾਲ ਦੀ ਤਰਾਂ ਜੈਨੇਸਿਸ ਸੈਂਟਰ ਵਿਖੇ ਕਰਵਾਏ ਗਏ ਬਹੁ-ਪੱਖੀ ਸੱਭਿਆਚਾਰ ਦੇ ਰੰਗਾਂ ਵਾਲੇ ਮੇਲੇ ਦੀਆਂ ਤਸਵੀਰਾਂ ਮੇਲੇ ਦੀ ਸਫਲਤਾ ਦੀ ਗਵਾਹੀ ਭਰ ਰਹੀਆਂ ਹਨ





















SOUTH POINT

A MASTER PLANNED COMMUNITY



# 70 ਏਕੜ ਰਿਹਾਇਸੀ ਕਮਿਓਨਿਟੀ ਵਿੱਚ ਘਰ

## ਹੁਣ ਵੇਚੇ ਜਾ ਰਹੇ ਹਨ


MODERN SINGLE FAMILY HOMES


BACK TO BACK TOWNHOMES


DUPLEX HOMES


SINGLE FAMILY LANE HOMES


URBAN TOWNHOMES


ROWHOMES

403.980.1979 | VESTASOUTHPOINT.COM

VESTA PROPERTIES

Sales Centre & Showhomes
600 South Point Heath SW, Airdrie, AB

Renderings are an artist's conception and are intended as a general reference only.

# ਟਰੰਪ ਨੂੰ ਕਾਰੋਬਾਰੀ ਧੋਖਾਧੜੀ ਕੇਸ ’ਚ ਠੁੱਕ ਸਕਦੈ 20 ਅਰਬ ਦਾ ਜੁਰਮਾਨਾ

ਸਰੀ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਮੁਸ਼ਕਿਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਟਰੰਪ ਇੱਕ ਤੋਂ ਬਾਅਦ ਇੱਕ ਮੁਕੱਦਮਿਆਂ ਦੇ ਜਾਲ ’ਚ ਫ਼ਸਦਾ ਜਾ ਰਿਹਾ ਹੈ। ਹੁਣ ਟਰੰਪ ਖ਼ਿਲਾਫ਼ ਧੋਖਾਧੜੀ ਦੇ ਮਾਮਲੇ ’ਚ ਸੁਣਵਾਈ ਸ਼ੁਰੂ ਹੋ ਗਈ ਹੈ। ਇਸ ਕਾਰਨ ਉਹ ਸੋਮਵਾਰ ਨੂੰ ਨਿਊ ਯੌਰਕ ਦੀ ਅਦਾਲਤ ’ਚ ਪੇਸ਼ ਹੋਇਆ। ਅਦਾਲਤ ’ਚ ਆਉਣ ਸਮੇਂ ਟਰੰਪ ਨੇ ਗੂੜ੍ਹੇ ਨੀਲੇ ਰੰਗ ਦਾ ਸੂਟ, ਚਮਕੀਲੀ ਨੀਲੀ ਟਾਈ ਪਾਈ ਅਤੇ ਉਸ ’ਤੇ ਅਮਰੀਕੀ ਝੰਡੇ ਦੀ ਪਿੰਨ ਲਗਾਈ ਹੋਈ ਸੀ। ਦਰਅਸਲ ਟਰੰਪ ’ਤੇ ਆਪਣੇ ਰੀਅਲ ਐਸਟੇਟ ਕਾਰੋਬਾਰ ਬਾਰੇ ਝੂਠ ਬੋਲ ਕੇ 100 ਮਿਲੀਅਨ ਡਾਲਰ ਤੋਂ ਵੱਧ ਦੀ ਕਮਾਈ ਕਰਨ ਦਾ ਦੋਸ਼ ਹੈ।

ਨਿਊ ਯੌਰਕ ਦੇ ਅਟਰਨੀ ਜਨਰਲ ਨੇ ਟਰੰਪ ਖ਼ਿਲਾਫ਼ ਇਹ ਕੇਸ ਦਾਇਰ ਕੀਤਾ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਬਣਦੇ ਸਮੇਂ ਆਪਣੀ ਇੱਛਾ ਅਨੁਸਾਰ ਬੈਂਕਾਂ ਤੋਂ ਕਰਜ਼ੇ ਅਤੇ ਸਸਤੇ ਬੀਮਾ ਪ੍ਰੀਮੀਅਮ ਹਾਸਿਲ ਕਰ ਕੇ 2011 ਤੋਂ 2021 ਤਕ ਤੇਜ਼ੀ ਨਾਲ ਆਪਣੀ ਦੌਲਤ ਵਧਾਈ। ਅਟਰਨੀ ਜਨਰਲ ਲੈਟੀਸ਼ਾ ਜੇਮਜ਼ ਨੇ ਸਾਬਕਾ ਰਾਸ਼ਟਰਪਤੀ ’ਤੇ ਘੱਟੋ-ਘੱਟ 250 ਮਿਲੀਅਨ ਡਾਲਰ ਦਾ ਜੁਰਮਾਨਾ, ਉਸ ’ਤੇ ਅਤੇ ਉਸ ਦੇ ਪੁੱਤਰਾਂ ਡੌਨਲਡ ਜੂਨੀਅਰ ਅਤੇ ਐਰਿਕ ਟਰੰਪ ’ਤੇ ਨਿਊ ਯੌਰਕ ’ਚ ਕਾਰੋਬਾਰ ਕਰਨ ’ਤੇ ਪਾਬੰਦੀ ਅਤੇ ਟਰੰਪ ਸੰਗਠਨ ’ਤੇ ਰੀਅਲ ਐਸਟੇਟ ਕਾਰੋਬਾਰ ਕਰਨ ’ਤੇ ਪੰਜ ਸਾਲ ਦੀ ਪਾਬੰਦੀ ਦੀ ਮੰਗ ਕੀਤੀ ਹੈ।

ਜ਼ਿਕਰਯੋਗ ਹੈ ਕਿ ਕਈ ਗਵਾਹਾਂ ਦੀਆਂ ਗਵਾਹੀਆਂ ਤੋਂ ਬਾਅਦ ਮੈਨਹਟਨ ਦੀ ਅਦਾਲਤ ’ਚ ਸੁਣਵਾਈ ਸ਼ੁਰੂ ਹੋਈ। ਇਸ ’ਚ ਰਾਜ ਦੇ ਪਹਿਲੇ ਗਵਾਹ ਵਜੋਂ ਅਮਰੀਕਾ ਚ ਇੱਕ ਭਾਈਵਾਲ ਅਤੇ ਲੰਬੇ ਸਮੇਂ ਤੋਂ ਟਰੰਪ ਦੇ ਕਾਰੋਬਾਰ ਲਈ ਲੇਖਾਕਾਰ ਰਹੇ ਡੌਨਲਡ ਬੈਂਡਰ ਵੀ ਸ਼ਾਮਿਲ ਹੈ। ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਟਰੰਪ ਨੇ ਮੀਡੀਆ ਨੂੰ ਕਿਹਾ ਕਿ ਇਹ ਮਾਮਲਾ ਇੱਕ ਘੁਟਾਲਾ ਅਤੇ ਧੋਖਾ ਹੈ। ਇਹ ਜੇਮਜ਼ ਦੁਆਰਾ ਸਿਆਸੀ ਬਦਲਾਖੋਰੀ ਹੈ। ਇੰਨਾ ਹੀ ਨਹੀਂ ਡੌਨਲਡ ਟਰੰਪ ਨੇ ਜੱਜ



ਆਰਥਰ ਐਂਗੋਰੋਨ ’ਤੇ ਵੀ ਨਿਸ਼ਾਨਾ ਸਾਧਿਆ। ਉਸ ਨੇ ਜੱਜ ਨੂੰ ਇੱਕ ਪੱਖਪਾਤੀ ਡੈਮੋਕਰੈਟ ਕਿਹਾ ਅਤੇ ਉਸ ’ਤੇ 2024 ਦੀਆਂ ਰਾਸ਼ਟਰਪਤੀ ਚੋਣਾਂ ’ਚ ਦਖ਼ਲ ਦੇਣ ਲਈ ਕੇਸ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ। ਇੱਥੇ ਇੱਕ ਰੀਪਬਲੀਕਨ ਉਮੀਦਵਾਰ ਵਜੋਂ ਟਰੰਪ ਨੂੰ ਵੱਡੀ ਲੀਡ ਹਾਸਿਲ ਹੈ। ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, “ਇਹ ਇੱਕ ਅਜਿਹਾ ਭ੍ਰਿਸ਼ਟ ਜੱਜ ਹੈ ਜਿਸ ਨੂੰ ਫ਼ੌਰਨ ਬਰਖ਼ਾਸਤ ਕੀਤਾ ਜਾਣਾ ਚਾਹੀਦਾ ਹੈ। ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ।” ਜੇਮਜ਼ ਨੇ ਟਰੰਪ ’ਤੇ ਮੈਨਹਟਨ ’ਚ ਉਸ ਦੇ ਟਰੰਪ ਟਾਵਰ ਪੈਂਟਹਾਊਸ ਅਪਾਰਟਮੈਂਟ, ਫ਼ਲੌਰੀਡਾ ’ਚ ਉਸ ਦੀ ਮਾਰ-ਆ-ਲਾਗੋ ਐਸਟੇਟ, ਵੱਖਰੇ ਦਫ਼ਤਰੀ ਟਾਵਰਾਂ ਅਤੇ ਗੋਲਫ਼ ਕਲੱਬਾਂ ਸਮੇਤ ਆਪਣੀਆਂ ਕਈ ਹੋਰ ਜਾਇਦਾਦਾਂ ’ਚ ਤੇਜ਼ੀ ਨਾਲ ਵਾਧਾ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਟਰੰਪ ਨੇ ਆਪਣੀ ਸੰਪਤੀ ਦੀ ਕੀਮਤ 2.2 ਬਿਲੀਅਨ ਡਾਲਰ ਤਕ ਵਧਾ ਦਿੱਤੀ ਹੈ। ਜੇਮਜ਼ ਦੇ ਦਫ਼ਤਰ ਦੇ ਇੱਕ ਵਕੀਲ ਕੈਵਿਨ ਵੈਲੇਸ ਨੇ ਆਪਣੇ ਸ਼ੁਰੂਆਤੀ ਬਿਆਨ ’ਚ ਕਿਹਾ, “ਇਹ ਆਮ ਵਾਂਗ ਕਾਰੋਬਾਰ ਨਹੀਂ, ਅਤੇ ਇਹ ਇਸ ਤਰ੍ਹਾਂ ਨਹੀਂ ਕਿ ਪਾਰਟੀਆਂ ਇੱਕ-ਦੂਜੇ ਨਾਲ ਕਿਵੇਂ ਪੇਸ਼ ਆਉਂਦੀਆਂ ਹਨ। ਇਹ ਮੁਆਫ਼ੀਯੋਗ ਅਪਰਾਧ ਨਹੀਂ।”

ਟਰੰਪ ਦੇ ਵਕੀਲ ਕ੍ਰਿਸਟੋਫ਼ਰ ਕਿੱਸੇ ਨੇ ਆਪਣੇ ਸ਼ੁਰੂਆਤੀ ਬਿਆਨ ਜਾਂ ਓਪਨਿੰਗ ਸਟੇਟਮੈਂਟ ’ਚ ਕਿਹਾ ਕਿ ਟਰੰਪ ਦੀ ਵਿੱਤੀ ਸਥਿਤੀ ਪੂਰੀ ਤਰ੍ਹਾਂ ਕਾਨੂੰਨੀ ਸੀ। ਉਸ ਨੇ ਕਿਹਾ ਕਿ ਟਰੰਪ ਨੇ ਅਸਲ ’ਚ ਰੀਅਲ ਐਸਟੇਟ ਨਿਵੇਸ਼ ’ਚ ਬਹੁਤ ਸਾਰਾ ਪੈਸਾ ਕਮਾਇਆ। ਉਸ ਦਾ ਧੋਖਾਧੜੀ ਕਰਨ ਦਾ ਕੋਈ ਇਰਾਦਾ ਨਹੀਂ ਸੀ। ਇਸ ’ਚ ਕੋਈ ਗ਼ੈਰ-ਕਾਨੂੰਨੀ, ਕੋਈ ਡਿਫ਼ਾਲਟ, ਕੋਈ ਉਲੰਘਣਾ ਨਹੀਂ ਸੀ, ਬੈਂਕਾਂ ’ਤੇ ਕੋਈ ਨਿਰਭਰਤਾ ਨਹੀਂ ਸੀ, ਕੋਈ ਅਣਉੱਚਿਤ ਫ਼ਾਇਦਾ ਨਹੀਂ ਸੀ ਉਠਾਇਆ ਗਿਆ ਅਤੇ ਇਨ੍ਹਾਂ ਜਾਇਦਾਦਾਂ ਦੀ ਕੀਮਤ ਵਧਾਉਣ ਦੇ ਬਾਵਜੂਦ ਕੋਈ ਪੀੜਤ ਨਹੀਂ ਸਨ। ਇੱਕ ਹੋਰ ਅਟਰਨੀ ਐਲੀਨਾ ਹੱਬਾ ਨੇ ਜੱਜ ਐਂਗੋਰੋਨ ਨੂੰ ਦੱਸਿਆ ਕਿ ਟਰੰਪ ਦੀਆਂ ਜਾਇਦਾਦਾਂ ਮੋਨਾ ਲੀਜ਼ਾ ਦੀ ਤਸਵੀਰ ਵਾਂਗ ਬੇਸ਼ਕੀਮਤੀ ਸੰਪਤੀਆਂ ਹਨ ਜਿਨ੍ਹਾਂ ਨੂੰ ਜੇਕਰ ਟਰੰਪ ਨੇ ਵੇਚਿਆ ਤਾਂ ਉਸ ਨੂੰ ਪ੍ਰੀਮੀਅਮ ਕੀਮਤਾਂ ਮਿਲ ਸਕਦੀਆਂ ਹਨ।

# ਤਿੰਨ ਵਿਗਿਆਨੀ ਭੌਤਿਕ ਵਿਗਿਆਨ ਦੇ ਨੋਬਲ ਪੁਰਸਕਾਰ ਨਾਲ ਸਨਮਾਨਿਤ

ਔਟਵਾ (ਪੰਜਾਬੀ ਅਖਬਾਰ ਬਿਊਰੋ)- ਭੌਤਿਕ ਵਿਗਿਆਨ ਦੇ ਨੋਬਲ ਪੁਰਸਕਾਰ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਵਾਰ ਇਹ ਸਨਮਾਨ ਸਾਂਝੇ ਤੌਰ ’ਤੇ ਪੀਐਰ ਐਗੋਸਟੀਨੀ, ਫ਼ੈਰੇਂਕ ਕਰੂਜ਼ ਅਤੇ ਐਨੇ ਲ’ਹੁਲੀਅਰ ਨੂੰ ਦਿੱਤਾ ਗਿਆ। ਰਾਇਲ ਸਵੀਡਿਸ਼ ਅਕੈਡਮੀ ਔਫ਼ ਸਾਇੰਸਿਜ਼ ਅਨੁਸਾਰ ਤਿੰਨਾਂ ਨੇ ਪਦਾਰਥ ’ਚ ਇਲੈਕਟ੍ਰੋਨ ਗਤੀਸ਼ੀਲਤਾ ਦਾ ਅਧਿਐਨ ਕਰਨ ਲਈ ਪ੍ਰਯੋਗਾਤਮਕ ਢੰਗ ਅਪਨਾਏ। ਇਹ ਰੋਸ਼ਨੀ ਦੇ ਐਟੋਸੈਕੰਡ ਪਲੱਸ ਪੈਦਾ ਕਰਦਾ ਹੈ।







ਪਿਛਲੇ ਸਾਲ ਭੌਤਿਕ ਵਿਗਿਆਨ ਦਾ ਨੋਬਲ ਪੁਰਸਕਾਰ ਸਾਂਝੇ ਤੌਰ ’ਤੇ ਐਲਨ ਅਸਪੈਕਟ, ਜੌਨ ਐੱਫ਼. ਕਲੌਯਰ ਅਤੇ ਐਂਟਨ ਜ਼ੇਲਿੰਗਰ ਨੂੰ ਦਿੱਤਾ ਗਿਆ ਸੀ। ਐਲਨ ਅਸਪੈਕਟ ਇੱਕ ਫ਼ਰਾਂਸੀਸੀ ਭੌਤਿਕ ਵਿਗਿਆਨੀ ਹੈ ਜਦੋਂ ਕਿ ਜੌਨ ਐੱਫ਼. ਕਲੌਯਰ ਇੱਕ ਅਮਰੀਕੀ ਵਿਗਿਆਨੀ ਹੈ ਅਤੇ ਐਂਟੋਨ ਜ਼ੇਲਿੰਗਰ ਇੱਕ ਆਸਟ੍ਰੀਅਨ ਵਿਗਿਆਨੀ ਹੈ। ਇਨ੍ਹਾਂ ਵਿਗਿਆਨੀਆਂ ਦੇ ਪ੍ਰਯੋਗਾਂ ਨੇ ਕੁਆਂਟਮ ਜਾਣਕਾਰੀ ਦੇ ਆਧਾਰ ’ਤੇ ਨਵੀਂ ਤਕਨੀਕ ਲਈ ਰਾਹ ਪੱਧਰਾ ਕੀਤਾ ਸੀ।

**ਕੈਟੇਲਿਨ ਕੈਰੀਕੋ ਅਤੇ ਡਰਿਊ ਵੇਜ਼ਮੈਨ ਨੂੰ ਮੈਡੀਸਨ ’ਚ ਨੋਬਲ ਪੁਰਸਕਾਰ**

ਇਸ ਤੋਂ ਪਹਿਲਾਂ ਕੱਲ੍ਹ ਮੈਡੀਸਨ ਦੇ ਖੇਤਰ ਲਈ ਇਸ ਸਨਮਾਨ ਦੇ ਜੇਤੂਆਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਸੀ। ਇਸ ਸਾਲ ਕੈਟੇਲਿਨ ਕੈਰੀਕੋ ਅਤੇ ਡਰਿਊ ਵੇਜ਼ਮੈਨ ਨੂੰ ਮੈਡੀਸਨ ’ਚ ਨੋਬਲ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਨੂੰ ਇਹ ਸਨਮਾਨ ਨਿਊਕਲੀਓਸਾਈਡ ਬੇਸ ਸੋਧਾਂ ਨਾਲ ਸਬੰਧਤ ਉਨ੍ਹਾਂ ਦੀਆਂ ਖੋਜਾਂ ਲਈ ਦਿੱਤਾ ਗਿਆ। ਇਸ ਖੋਜ ਨੇ ਕੋਰੋਨਵਾਇਰਸ ਯਾਨੀ ਕੋਵਿਡ-19 ਦੇ ਵਿਰੁੱਧ ਪ੍ਰਭਾਵੀ ਵੈਕਸੀਨ ਦੇ ਵਿਕਾਸ ’ਚ ਮਦਦ ਕੀਤੀ ਸੀ।

# ਅਮਰੀਕਾ ’ਚ ਖੋਲ੍ਹੇ ਜਾਣ ਵਾਲੇ ਨਵੇਂ ਭਾਰਤੀ ਕੌਂਸਲੇਟਾਂ ’ਚੋਂ ਇੱਕ ਲੌਸ ਐਂਜਲਸ ’ਚ ਵੀ ਖੋਲ੍ਹਣ ਦੀ ਮੰਗ

ਮਿਸੀਸਾਗਾ (ਪੰਜਾਬੀ ਅਖਬਾਰ ਬਿਊਰੋ)- ਲੌਸ ਐਂਜਲਸ ਦੀ ਮੇਅਰ ਕੈਰਨ ਬੇਸ ਅਤੇ ਭਾਰਤੀ-ਅਮਰੀਕੀ ਭਾਈਚਾਰੇ ਨੇ ਭਾਰਤ ਸਰਕਾਰ ਨੂੰ ਅਮਰੀਕਾ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਅਤੇ ਦੁਨੀਆਂ ਦੀ ਮਨੋਰੰਜਨ ਰਾਜਧਾਨੀ ’ਚ ਇੱਕ ਕੌਂਸਲੇਟ ਖੋਲ੍ਹਣ ਦੀ ਅਪੀਲ ਕੀਤੀ ਹੈ। ਮੌਜੂਦਾ ਸਮੇਂ ’ਚ ਅਮਰੀਕਾ ’ਚ ਨਿਊ ਯੌਰਕ, ਸੈਨ ਫ਼ਰਾਂਸਿਸਕੋ, ਸ਼ਿਕਾਗੋ, ਹਿਊਸਟਨ ਅਤੇ ਐਟਲੈਂਟਾ ’ਚ ਪੰਜ ਭਾਰਤੀ ਕੌਂਸਲੇਟਸ ਹਨ। ਜੂਨ ’ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਇਤਿਹਾਸਕ ਸਰਕਾਰੀ ਯਾਤਰਾ ਦੌਰਾਨ ਇਹ ਐਲਾਨ ਕੀਤਾ ਗਿਆ ਸੀ ਕਿ ਭਾਰਤ ਅਮਰੀਕਾ ’ਚ ਦੋ ਹੋਰ ਨਵੇਂ ਕੌਂਸਲੇਟ ਖੋਲ੍ਹੇਗਾ ਜਿਨ੍ਹਾਂ ’ਚੋਂ ਇੱਕ ਸਿਐਟਲ ’ਚ ਹੋਵੇਗਾ। ਭਾਰਤੀ ਅਮਰੀਕੀ ਸੰਗਠਨਾਂ ਦੇ ਇੱਕ ਸਮੂਹ ਤੇ ਲੌਸ ਐਂਜਲਸ ਦੇ ਮੇਅਰ ਨੇ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਸ਼ਹਿਰ ’ਚ ਦੂਜਾ ਭਾਰਤੀ ਕੌਂਸਲੇਟ ਖੋਲ੍ਹਿਆ ਜਾਣਾ ਚਾਹੀਦਾ ਹੈ। ਬੇਸ ਨੇ ਕਿਹਾ, “ਮੈਂ ਤੁਹਾਨੂੰ ਅਪੀਲ ਕਰਦੀ ਹਾਂ ਕਿ ਲੌਸ ਐਂਜਲਸ ਸ਼ਹਿਰ ’ਚ ਇੱਕ ਨਵਾਂ ਭਾਰਤੀ ਕੌਂਸਲੇਟ ਖੋਲ੍ਹਣ ’ਤੇ ਵਿਚਾਰ ਕਰੋ।”

ਬੇਸ ਨੇ ਹਾਲ ਹੀ ’ਚ ਅਮਰੀਕਾ ’ਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਇੱਕ ਪੱਤਰ ਲਿਖ ਕੇ ਕਿਹਾ ਸੀ, “ਐਕਸਚੇਂਜ ਲਈ ਇਸ ਮਹੱਤਵਪੂਰਣ ਫ਼ੋਰਮ ਨੂੰ ਖੋਲ੍ਹਣ ਅਤੇ ਨਿਰੰਤਰ ਸਹਾਇਤਾ ਪ੍ਰਦਾਨ ਕਰਨ ਲਈ ਤੁਹਾਡੇ ਨਾਲ ਕੰਮ ਕਰਨਾ ਮੇਰੇ ਲਈ ਸਨਮਾਨ ਦੀ ਗੱਲ ਹੋਵੇਗੀ। ਭਾਰਤ ਅਤੇ ਲੌਸ ਐਂਜਲਸ ਵਿਚਕਾਰ ਸੈਰ-ਸਪਾਟਾ ਆਪਸੀ ਲਾਭ ਦਾ ਇੱਕ ਹੋਰ ਸੋਮਾ ਹੈ ਅਤੇ ਲੌਸ ਐਂਜਲਸ ਨੇ ਭਾਰਤ ’ਚ ਇੱਕ ਸਮਰਪਿਤ ਸੈਰ-ਸਪਾਟਾ ਦਫ਼ਤਰ ਖੋਲ੍ਹਣ ’ਚ ਨਿਵੇਸ਼ ਕੀਤਾ ਹੋਇਐ ਜੋ ਕਿ 2019 ’ਚ ਖੁੱਲ੍ਹਿਆ ਅਤੇ ਕੋਵਿਡ-19 ਮਹਾਂਮਾਰੀ ਦੌਰਾਨ ਵੀ ਖੁੱਲ੍ਹਾ ਰਿਹਾ।”

**ਲੌਸ ਐਂਜਲਸ ਡੇਢ ਲੱਖ ਤੋਂ ਵੱਧ ਭਾਰਤੀਆਂ ਦਾ ਘਰ, 10 ਫ਼ੀਸਦੀ ਭਾਰਤੀ ਵਿੱਦਿਆਰਥੀ ਵੀ ਇਥੇ ਰਹਿੰਦੇ ਨੇ**

ਮੇਅਰ ਨੇ ਕਿਹਾ, “ਡੇਢ ਲੱਖ ਤੋਂ ਵੱਧ ਭਾਰਤੀ ਅਮਰੀਕੀਆਂ ਦੇ ਘਰ ਲੌਸ ਐਂਜਲਸ ’ਚ ਹੋਣ ਦੇ ਨਾਤੇ ਮੈਂ ਤੁਹਾਨੂੰ ਨਵੇਂ ਕੌਂਸਲਰ ਮਿਸ਼ਨ ਲਈ ਸਾਡੇ ਸ਼ਹਿਰ ਦੀ ਚੋਣ ਕਰਨ ਲਈ ਸਤਿਕਾਰ ਨਾਲ ਬੇਨਤੀ ਕਰਦੀ ਹਾਂ। ਲੌਸ ਐਂਜਲਸ ’ਚ ਹਰ ਸਾਲ ਇੱਕ ਲੱਖ ਤੋਂ ਵੱਧ ਭਾਰਤੀ ਸੈਲਾਨੀਆਂ ਦੇ ਨਾਲ ਇੱਕ ਕੌਂਸਲੇਟ ਨਾ ਸਿਰਫ਼ ਮਹੱਤਵਪੂਰਣ ਸੇਵਾਵਾਂ ਪ੍ਰਦਾਨ ਕਰੇਗਾ ਸਗੋਂ ਦੁਵੱਲੇ ਸਹਿਯੋਗ ਨੂੰ ਵਧਾਉਣ ’ਚ ਇੱਕ ਪ੍ਰਮੁੱਖ ਭਾਈਵਾਲ ਹੋਵੇਗਾ।”

ਲੌਸ ਐਂਜਲਸ 180 ਤੋਂ ਵੱਧ ਯੂਨੀਵਰਸਿਟੀਆਂ ਅਤੇ ਕਾਲਜਾਂ, ਵਿਦਿਆਰਥੀਆਂ ਦੇ ਅਨੁਭਵ, ਖੋਜ ਅਤੇ ਨਵੀਨਤਾ ਦੇ ਕੇਂਦਰਾਂ ਦਾ ਘਰ ਵੀ ਹੈ। ਬੇਸ ਨੇ ਕਿਹਾ ਕਿ ਕੈਲੇਫ਼ੋਰਨੀਆ ਨੂੰ ਸੰਯੁਕਤ ਰਾਜ ’ਚ ਪੜ੍ਹ ਰਹੇ ਸਾਰੇ ਭਾਰਤੀਆਂ ’ਚੋਂ 10 ਫ਼ੀਸਦੀ ਤੋਂ ਵੱਧ ਦੀ ਮੇਜ਼ਬਾਨੀ ਕਰਨ ’ਤੇ ਮਾਣ ਹੈ ਅਤੇ ਅਸੀਂ ਉਨ੍ਹਾਂ ਵਲੋਂ ਸਾਡੇ ਭਾਈਚਾਰਿਆਂ ਦਰਮਿਆਨ ਬਣਾਏ ਗਏ ਤਾਲਮੇਲ ਦੀ ਕਦਰ ਕਰਦੇ ਹਾਂ।














